੧ਓ ਵਾਹਿਗੁਰੂ ਜੀ ਕੀ ਫ਼ਤਹ ।।

# ਭਰੋਸੇ ਦਾ ਭਾਂਬੜ
# ਬਾਲ ਸ਼ਹੀਦ ਦਰਬਾਰਾ ਸਿੰਘ


ਲੇਖਕ

ਪ੍ਰੋਫੈਸਰ ਸ਼ੇਰ ਸਿੰਘ 'ਸ਼ੇਰ'



ਪ੍ਰਕਾਸ਼ਕ

ਧਰਮ ਪ੍ਰਚਾਰ ਕਮੇਟੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ।

ਭੇਟਾ ਰਹਿਤ

# ਜਾਣਕਾਰੀ

ਅਸੀਂ ਸ਼੍ਰੋਮਣੀ ਅਕਾਲੀ ਦਲ ਦੀ ਪੰਝੱਤਰਵੀਂ ਵਰ੍ਹੇ-ਗੰਢ, ਡਾਇਮੰਡ ਜੁਬਲੀ ਦੇ ਤੌਰ 'ਤੇ ਮਨਾ ਰਹੇ ਹਾਂ, ਜਿਸ ਦਾ ਜਨਮ ਸੰਨ ਈਸਵੀ ੧੯੨੧ ਵਿੱਚ ਸ੍ਰੀ ਨਨਕਾਣਾ ਸਾਹਿਬ ਦੇ ਦਿਲ-ਚੀਰਵੇਂ ਇਤਿਹਾਸਕ ਦੁਖਾਂਤ 'ਚੋਂ ਹੋਇਆ ਸੀ। ਬਾਲ ਸ਼ਹੀਦ ਦਰਬਾਰਾ ਸਿੰਘ ਦੀ ਆਪਣੇ ਪਿਤਾ ਸ਼ਹੀਦ ਕੇਹਰ ਸਿੰਘ ਦੇ ਨਾਲ ਹੀ ੨੦ ਫਰਵਰੀ, ੧੯੨੧ ਨੂੰ ਵਾਪਰੀ ਸ਼ਹਾਦਤ ਨੇ ਸਾਰੇ ਸੰਸਾਰ ਦੀ ਜ਼ਮੀਰ ਨੂੰ ਹਲੂਣ ਕੇ ਰੱਖ ਦਿੱਤਾ ਸੀ। ਮੈਂ ਇਸ ਮਹਾਨ ਸ਼ਹੀਦ ਦੀ ਸ਼ਹਾਦਤ ਦੀ ਵਿਥਿਆ ਆਪਣੇ ਬਚਪਨ ਵਿੱਚ ਸੁਣੀ ਸੀ ਤੇ ਬਹੁਤ ਹੀ ਪ੍ਰਭਾਵਤ ਅਤੇ ਉਤਸ਼ਾਹਤ ਹੋਇਆ ਸਾਂ।

ਉਨ੍ਹੀਂ ਦਿਨੀਂ ਇਸ ਬਾਲ ਸ਼ਹੀਦ ਬਾਰੇ ਕਾਫੀ ਕੁਝ ਤਕਰੀਰਾਂ ਰਾਹੀਂ ਆਖਿਆ ਗਿਆ ਤੇ ਕੁਝ ਲੇਖਕਾਂ ਨੇ ਕੁਝ ਲਿਖਿਆ ਵੀ ਪਰ ਫਿਰ ਇਸ ਬਾਰੇ ਸਭ ਕੁਝ ਭੁਲਾ ਹੀ ਦਿੱਤਾ ਗਿਆ ਅਤੇ ਇਥੋਂ ਤੱਕ ਕਿ ਅੱਜ-ਕੱਲ੍ਹ ਆਮ ਸਿੱਖ ਇਸ ਕੁਰਬਾਨੀ ਦੀ ਘਟਨਾ ਬਾਰੇ ਬਹੁਤ ਘੱਟ ਜਾਣਦੇ ਹਨ।

ਅਸੀਂ ਪ੍ਰੋ: ਸ਼ੇਰ ਸਿੰਘ 'ਸ਼ੇਰ' ਦੇ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਵਿਸ਼ੇ 'ਤੇ ਕਾਫ਼ੀ ਅਧਿਐਨ ਅਤੇ ਖੋਜ ਕਰ ਕੇ ਇਸ ਭੁਲਾਏ ਜਾ ਚੁੱਕੇ ਅਭੁੱਲ ਸਾਕੇ ਨੂੰ ਲਿਖ ਕੇ ਸਾਂਭਿਆ ਅਤੇ ਸੁਰਜੀਤ ਕੀਤਾ ਹੈ ਜਿਸ ਦੀ ਇਤਿਹਾਸ ਨੂੰ ਬੜੀ ਲੋੜ ਸੀ ਅਤੇ ਇਸ ਕਾਰਜ ਨੂੰ ਸ਼੍ਰੋਮਣੀ ਅਕਾਲੀ ਦਲ ਦੀ ੭੫ਵੀਂ ਵਰ੍ਹੇ-ਗੰਢ 'ਤੇ ਕਰਨਾ ਹੋਰ ਵੀ ਚੰਗਾ ਹੋਇਆ ਹੈ। ਇਕ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਇਸ ਰਚਨਾ "ਭਰੋਸੇ ਦਾ ਭਾਂਬੜ" ਨੂੰ ਛਾਪਣ ਤੋਂ ਇਲਾਵਾ, ਬਾਲ ਸ਼ਹੀਦ ਦੀ ਪੇਂਟਿੰਗ, ਪ੍ਰਸਿੱਧ ਸਿੱਖ

ਆਰਟਿਸਟ ਸ੍ਰ: ਜਰਨੈਲ ਸਿੰਘ, ਚੰਡੀਗੜ੍ਹ ਵਾਲੇ ਤੋਂ ਬਣਵਾ ਕੇ ਕੇਂਦਰੀ ਸਿੱਖ ਅਜਾਇਬ ਘਰ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸਸ਼ੋਭਤ ਵੀ ਕਰ ਦਿੱਤੀ ਗਈ ਹੈ, ਜੋ ਸਿੱਖ-ਸੰਸਾਰ ਨੂੰ ਪੀੜ੍ਹੀ-ਓ-ਪੀੜ੍ਹੀ ਅਤੇ ਖ਼ਾਸ ਕਰ ਮੌਜੂਦਾ ਤੇ ਭਵਿੱਖ ਦੀਆਂ , ਪੁੰਗਰ ਰਹੇ ਸਿੱਖ ਬੱਚਿਆਂ ਦੀਆਂ, ਪੀੜ੍ਹੀਆਂ ਨੂੰ ਉਤਸ਼ਾਹਤ ਕਰਦੀ ਰਹੇਗੀ।

ਗੁਰੂ-ਪੰਥ ਦਾ ਦਾਸ,

ਮਿਤੀ ੧੩ ਸਤੰਬਰ ੧੯੯੬

ਗੁਰਚਰਨ ਸਿੰਘ ਟੌਹੜਾ,
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

# ਲੇਖਕ ਕੀ ਆਖੇ !!!

ਮੇਰਾ ਜਨਮ ਚੂਹੜਕਾਣਾ— ਚੰਨਿਆਂਵਾਲੀ (ਸੱਚਾ ਸੌਦਾ) ਜ਼ਿਲ੍ਹਾ ਸ਼ੇਖੂਪਰਾ, ਪਾਕਿਸਤਾਨ ਵਿਚ ਹੋਇਆ ਸੀ। ਸ੍ਰੀ ਨਨਕਾਣਾ ਸਾਹਿਬ ਦੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਵਿੱਚ ਪੜ੍ਹਿਆ, ਨਨਕਾਣਾ ਸਾਹਿਬ ਦੇ ਗੁਰੂ ਨਾਨਕ ਪਾਤਸ਼ਾਹ ਦੇ ਜਨਮ ਅਸਥਾਨ ਦੀ ਚੌਖੰਡੀ ਵਿੱਚ ਉਸ ਅਲਮਾਰੀ ਨੂੰ ਰੋਜ਼-ਬਰੋਜ਼ ਵੇਖਦਾ ਰਿਹਾ ਜਿਸ ਵਿੱਚ ਬਾਲ ਸ਼ਹੀਦ ਦਰਬਾਰਾ ਸਿੰਘ ਬੰਦ ਕੀਤਾ ਗਿਆ ਸੀ ਤਾਂ ਕਿ ਉਹ ਮਾਸੂਮ ਬੱਚਾ ਸ਼ਾਇਦ ਬਚ ਜਾਏ ਪਰ ਜਿਸ ਚੋਂ ਕੱਢ ਕੇ ਜ਼ਾਲਮਾਂ ਨੇ ਬਾਲ-ਸ਼ਹੀਦ ਦਰਬਾਰਾ ਸਿੰਘ ਨੂੰ ਉਸੇ ਭਾਂਬੜ ਵਿੱਚ ਹੀ ਸੁੱਟਿਆ, ਜਿਸ ਵਿੱਚ ਉਸ ਦਾ ਸ਼ਹੀਦ ਪਿਤਾ ਸ: ਕੇਹਰ ਸਿੰਘ ਵੀ ਸੁੱਟਿਆ ਗਿਆ ਸੀ ਅਤੇ ਇਸ ਤਰ੍ਹਾਂ ਸ਼ਹੀਦ ਲਛਮਣ ਸਿੰਘ ਤੇ ਸ਼ਹੀਦ ਦਲੀਪ ਸਿੰਘ ਸਮੇਤ ੨੦੦ ਸ਼ਾਂਤਮਈ ਸਿੱਖਾਂ ਨੂੰ ਮਹੰਤ ਨਰੈਣ ਦਾਸ ਦੇ ਖ਼ਰੀਦੇ ਹੋਏ ਗੁੰਡਿਆਂ ਤੇ ਜ਼ਾਲਮਾਂ ਨੇ ਮਾਰ ਮੁਕਾਇਆ ਸੀ

ਮੇਰੀ ਜ਼ਮੀਰ ਨੂੰ ਪਿਛਲੀ ਪੌਣੀ ਸਦੀ ਤੋਂ ਸਿੱਖ ਇਤਿਹਾਸ ਵਿੱਚੋਂ ਭੁਲਾਈ ਹੋਈ ਇਹ ਘਟਨਾ ਹਮੇਸ਼ਾਂ ਚੁੱਭਦੀ ਰਹਿੰਦੀ ਸੀ। ਸ਼ੁਕਰਾਨਾ ਮੇਰੀ ਜਨਮ-ਜੂਹ ਦੇ ਜੰਮੇ-ਪਲੇ ਗੁਰੂ ਨਾਨਕ ਦੇਵ ਜੀ ਦਾ, ਜਿਨ੍ਹਾਂ ਮੈਥੋਂ ਇਸ ਲਿਖਤ ਰਾਹੀਂ ਮੇਰੇ ਮਨ ਤੋਂ ਬੋਝ ਲਾਹਿਆ ਹੈ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦਾ ਧੰਨਵਾਦੀ ਹਾਂ ਜਿਸ ਨੇ ਇਸ ਨੂੰ ਛਾਪ ਕੇ ਫਿਰ ਉਸ ਬਾਲ ਸ਼ਹੀਦ ਦੀ ਮਹਾਨ ਕੁਰਬਾਨੀ ਦੀ ਯਾਦ ਨੂੰ ਸੁਰਜੀਤ ਕੀਤਾ ਹੈ।

੧੩, ਸਤੰਬਰ ੧੯੯੬

ਸ਼ੇਰ ਸਿੰਘ 'ਸ਼ੇਰ',
੨੩੯੬, ਸੈਕਟਰ ੩੫-ਸੀ, ਚੰਡੀਗੜ੍ਹ,
ਪੰਜਾਬ (ਇੰਡੀਆ)।

# ਭਰੋਸੇ ਦਾ ਭਾਂਬੜ
## ਬਾਲ ਸ਼ਹੀਦ ਦਰਬਾਰਾ ਸਿੰਘ

ਇਹ ਲਿਖਤ ਸਮਰਪਤ ਹੈ ਸ੍ਰੀ ਨਨਕਾਣਾ ਸਾਹਿਬ ਦੇ ਮਹਾਨ ਸ਼ਹੀਦਾਂ ਨੂੰ ਜਿਨ੍ਹਾਂ ਗੁਰਦੁਆਰਾ ਜਨਮ ਅਸਥਾਨ ਦੀ ਪਵਿੱਤਰਤਾ ਦੀ ਬਹਾਲੀ ਹਿਤ ਕੁਰਬਾਨੀ ਦਿੱਤੀ ਅਤੇ ਜਿਨ੍ਹਾਂ ਵਿਚ ਸ਼ਾਮਲ ਦਰਬਾਰਾ ਸਿੰਘ ਜੋ "ਮੈਂ ਬਾਪੂ ਨਾਲ ਸ਼ਹੀਦ ਹੋਣਾ ਹੈ" ਕਹਿੰਦਾ ਹੋਇਆ ਜਾਮ-ਏ-ਸ਼ਹਾਦਤ ਪੀ ਗਿਆ।

# ਭਰੋਸੇ ਦਾ ਭਾਂਬੜ
## ਬਾਲ ਸ਼ਹੀਦ ਦਰਬਾਰਾ ਸਿੰਘ

ਮੇਰੀ ਸਮਝ ਤੇ ਅਨੁਭਵ ਅਨੁਸਾਰ ਸ਼ਹੀਦ ਦਾ ਖ਼ੂਨ ਧਰਮ ਤੇ ਕੌਮ ਦੇ ਜਗਦੇ ਦੀਵੇ ਦਾ ਤੇਲ, ਉਸ ਦਾ ਸਰੀਰ ਦੀਵੇ ਦੀ ਬੱਤੀ ਤੇ ਉਸ ਦੀ ਆਤਮਾ ਚਾਨਣ ਹੁੰਦੀ ਹੈ। ਕਿਸੇ ਵਿਚ ਆਦਰਸ਼ ਦੀ ਖ਼ਾਤਰ ਜਾਨ ਕੁਰਬਾਨ ਕਰਨੀ ਇਨਸਾਨੀ ਜ਼ਿੰਦਗੀ ਦੀ ਮਹਾਨ ਤੋਂ ਮਹਾਨ ਕਮਾਈ ਤੇ ਪਰਾਪਤੀ ਹੈ ਪਰ ਆਪਣੀ ਹੱਵਸ ਜਾਂ ਲਾਲਚ ਦੇ ਹੱਥੋਂ ਮੂਰਖ ਬਣ ਕੇ ਮਰ ਜਾਣਾ ਤੇ ਜਾਨ ਗਵਾਣੀ ਨੀਚ ਤੋਂ ਨੀਚ ਕਰਮ ਹੈ। ਬਚਪਨ ਵਿਚ ਵਿਸ਼ਵਾਸ ਤੇ ਜਜ਼ਬੇ ਬਹੁਤ ਭੋਲੇ, ਪਵਿੱਤਰ ਤੇ ਸਪੱਸ਼ਟ ਹੁੰਦੇ ਹਨ ਕਿਉਂਕਿ ਮਨੁੱਖ ਦੇ ਦੁਨਿਆਵੀ ਗਿਰਾਵਟ ਤੇ ਕਮੀਨੀ ਤੇ ਨਿੱਜੀ ਖ਼ੁਦਗਰਜ਼ੀ ਦੇ ਲਾਲਚ ਅਜੇ ਅਣਜੰਮੇ ਜਿਹੇ ਹੀ ਹੁੰਦੇ ਹਨ।

ਮੈਂ ਉਸ ਮਹਾਨ ਬਾਲ ਸ਼ਹੀਦ ਦਰਬਾਰਾ ਸਿੰਘ ਦੀ ਸ਼ਹੀਦੀ ਦੀ ਉਹ ਸੱਚੀ ਕਹਾਣੀ ਲਿਖਣ ਲੱਗਾ ਹਾਂ ਜਿਸ ਦਾ ਸੋਮਾ ਜਾਂ ਸਬੰਧ ਕੋਈ ਪ੍ਰਾਚੀਨ ਮਿਥਿਹਾਸ ਨਹੀਂ, ਸਗੋਂ ਵੀਹਵੀਂ ਸਦੀ ਦੇ ਇਤਿਹਾਸ ਦਾ ਇਕ ਉਹ ਕਾਂਡ ਹੈ ਜਿਸ ਨੂੰ ਪੜ੍ਹ ਕੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਨੇ ਤੇ ਜਿਸ ਦੀ ਵਿਥਿਆ ਗੁਰੂ ਗੋਬਿੰਦ ਸਿੰਘ ਦੇ ਛੋਟੇ ਬੱਚਿਆਂ, ਸ਼ਹੀਦ ਜ਼ੋਰਾਵਰ ਸਿੰਘ ਤੇ ਸ਼ਹੀਦ ਫ਼ਤਹ ਸਿੰਘ ਵਾਂਗੂੰ ਸਿੱਖ ਕੌਮ ਨੂੰ ਦਲੇਰੀ, ਬਹਾਦਰੀ, ਨਿਰਭੈਤਾ, ਨਿਸ਼ਕਾਮਤਾ, ਸਵੈ-ਕੁਰਬਾਨੀ, ਸਵੈਮਾਨ ਤੇ ਖ਼ਾਸ ਆਦਰਸ਼ਾਂ ਦੀ ਖ਼ਾਤਰ ਝੂਣਦੀ ਰਹੇਗੀ, ਜਗਾਂਦੀ ਰਹੇਗੀ, ਉਤਸ਼ਾਂਹਦੀ ਰਹੇਗੀ ਅਤੇ ਸਿੱਖ ਕੌਮ ਮਿਥੇ ਆਦਰਸ਼ਾਂ ਦੀ ਖ਼ਾਤਰ ਜੁੱਟੀ ਤੇ ਜੂਝਦੀ ਰਹੇਗੀ। ਇਸ ਬਾਲ ਸ਼ਹੀਦ ਨਾਲ ਮੇਰਾ ਸਿਰਫ਼ ਇਤਿਹਾਸਕ ਸਿੱਖ ਸਬੰਧ ਹੀ ਨਹੀਂ, ਸਗੋਂ ਇਹ ਸ਼ਹੀਦੀ ਮੇਰੀ ਆਪਣੀ ਜਨਮ-ਜੂਹ, ਪਿੰਡ ਤੇ ਪੈਲੀਆਂ ਦੀ ਉਪਜ ਹੈ।

ਇਸ ੨੦ ਫ਼ਰਵਰੀ, ੧੯੯੬ ਸੰਨ ਈਸਵੀ ਨੂੰ ਮਹਾਨ ਦਰਬਾਰਾ ਸਿੰਘ ਦੀ ਸ਼ਹੀਦੀ ਨੂੰ ਦਿਨਾਂ-ਬੱਧੀ ਗਿਣਿਆਂ ਐਨ ੭੫ ਸਾਲ ਬੀਤ ਚੁਕੇ ਹਨ ਕਿਉਂਕਿ ਉਹ ੨੦ ਫ਼ਰਵਰੀ, ੧੯੨੧ ਨੂੰ ਸ਼ਹੀਦ ਹੋਇਆ ਸੀ ਤੇ ਥੋੜ੍ਹੇ ਦਿਨ ਬਾਅਦ ਮਹਾਤਮਾ ਗਾਂਧੀ ਨੇ ਵੀ ਉਸ ਦੇ ਸ਼ਹੀਦੀ-ਸਥਾਨ 'ਤੇ ਪੁਜ ਕੇ ਸਾਰੀ ਘਟਨਾ ਦਾ ਬਿਰਤਾਂਤ ਸੁਣ ਕੇ ਹੰਝੂ ਡੋਹਲੇ ਸਨ। ਭਾਰਤ ਤਾਂ ਕੀ, ਇਸ ਘਟਨਾ ਬਾਰੇ ਬਾਹਰਲੇ ਦੇਸ਼ਾਂ ਵਿਚ ਵੀ ਸਨਸਨੀ ਫੈਲ ਗਈ ਸੀ। ਇਸ ਸ਼ਹੀਦੀ ਵਿਚ ਇਕ ਹੋਰ ਕਮਾਲ ਦੀ ਗੱਲ ਹੈ ! ਕੀ ? ਇਹ ਬਾਲ ਸ਼ਹੀਦ ਤੇ ਉਸ ਦਾ ਪਿਤਾ ਇਕੱਠੇ ਹੀ ਸ਼ਹੀਦ ਹੋਏ ਸਨ। ਇਸ ਤੋਂ ਵੀ ਵਡੇਰੀ ਕਮਾਲ ਦੀ ਗੱਲ ਇਕ ਹੋਰ ਵੀ ਹੈ ! ਉਹ ਕੀ ? ਪਿਆਰੇ ਪਾਠਕੋ ਸੁਣੋ, ਦਿਲ ਦੇ ਕੰਨਾਂ ਨਾਲ ਤੇ ਆਤਮਾ ਦੀ ਸੁਣਨ ਤੇ ਅਨਭਵੀ ਸ਼ਕਤੀ ਨਾਲ। ਬਾਲ ਸ਼ਹੀਦ ਦਰਬਾਰਾ ਸਿੰਘ ਸ਼ਹੀਦ ਹੋਣ ਤੋਂ ੨੩ ਕੁ ਮਹੀਨੇ ਪਹਿਲੋਂ ਹੀ ਦ੍ਰਿੜ ਇਰਾਦੇ ਨਾਲ ਕਹਿਣ ਲੱਗ ਪਿਆ ਸੀ: ***"ਮੈਂ ਆਪਣੇ ਬਾਪੂ ਨਾਲ ਹੀ ਸ਼ਹੀਦ ਹੋਣਾ ਏ"*** ਤੇ ਸੱਚ-ਮੁਚ ਉਸ ਦੇ ਅੰਤਲੇ ਸਵਾਸਾਂ ਤੱਕ ਉਸ ਦੇ ਹੋਠ ਫਰਕ-ਫਰਕ ਕੇ ਕਹਿੰਦੇ ਰਹੇ: ***"ਮੈਂ ਆਪਣੇ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ"*** ਕਦੋਂ ? ਜਦੋਂ ਉਹ ਆਪਣੇ ਸ਼ਹੀਦ ਪਿਤਾ ਦੀ ਸ਼ਹੀਦ ਦੇਹ ਦੇ ਟੋਟਿਆਂ ਦੇ ਉੱਤੇ ਸੁੱਟਿਆ ਹੋਇਆ ਆਖ਼ਰੀ ਸਵਾਸ ਲੈ ਰਿਹਾ ਸੀ।

ਇਹਨਾਂ ਸ਼ਹੀਦੀਆਂ ਤੇ ਘਟਨਾਵਾਂ ਦਾ ਪਿਛੋਕੜ ਕੀ ਸੀ ? ਕਾਰਨ ਕੀ ਸਨ ? ਇਹ ਸਾਕਾ ਕਿੱਥੇ ਤੇ ਕਿਵੇਂ ਹੋਇਆ ? ਬਾਲ ਸ਼ਹੀਦ ਦਰਬਾਰਾ ਸਿੰਘ ਤੇ ਉਸ ਦਾ ਸ਼ਹੀਦ ਪਿਤਾ ਕੌਣ ਤੇ ਕਿਥੋਂ ਦੇ ਸਨ ? ਇਹ ਸਭ ਕੁਝ ਮੈਂ ਹੇਠਲੇ ਅੱਖਰਾਂ ਦੇ ਚੌਖਟੇ ਵਿਚ ਜੋੜ ਕੇ ਪਾਠਕਾਂ ਦੇ ਪੇਸ਼ ਕਰਦਾ ਹਾਂ:—

ਬਾਲ ਸ਼ਹੀਦ ਦਰਬਾਰਾ ਸਿੰਘ ਦੇ ਸ਼ਹੀਦ ਪਿਤਾ ਦਾ ਨਾਮ ਕੇਹਰ ਸਿੰਘ ਸੀ। ਕੇਹਰ ਸਿੰਘ ਦੂਣਾ ਸਿੰਘ ਸ਼ੇਰ ਸੀ ਕਿਉਂਕਿ 'ਕੇਹਰ' ਦਾ ਅਰਥ ਵੀ ਸ਼ੇਰ ਹੈ ਤੇ ਸਿੰਘ ਦਾ ਅਰਥ ਵੀ ਸ਼ੇਰ। ਉਹ ਹੈ ਸੀ ਵੀ ਸੱਚ-ਮੁਚ ਹੀ ਦੂਣਾ ਸ਼ੇਰ ਜਾਂ ਡਬਲ ਸ਼ੇਰ। ਕੇਹਰ ਸਿੰਘ ਦੇ ਪਿਤਾ ਦਾ ਨਾਮ ਸਰਦਾਰ ਜੀਵਨ ਸਿੰਘ ਸੀ ਤੇ ਮਾਤਾ ਦਾ ਹਰਨਾਮ ਕੌਰ ਜੋ ਮਸ਼ਹੂਰ ਪਿੰਡ ਜਰਗ, ਉਸ ਸਮੇਂ ਦੀ ਰਿਆਸਤ ਪਟਿਆਲਾ ਦੇ ਵਾਸੀ ਸਨ। ਕੇਹਰ ਸਿੰਘ ਦਾ ਜਨਮ ਸੰਨ ੧੮੬੯ ਈਸਵੀ ਵਿਚ ਏਸੇ ਪਿੰਡ ਵਿਚ ਹੀ ਹੋਇਆ ਸੀ ਤੇ ਉਸ ਤੋਂ ਛੋਟੇ ਉਸ ਦੇ ਦੋ ਹੋਰ ਭਰਾ ਵੀ ਸਨ—ਹਰਨਾਮ ਸਿੰਘ ਤੇ ਸੇਵਾ ਸਿੰਘ। ਕੇਹਰ ਸਿੰਘ ਦੇ ਮਾਪੇ ਬੜੇ

ਆਦਰਸ਼ਕ ਸਿੱਖ ਸਨ ਜੋ ਜੀਵਨ-ਜਾਚ ਦੇ ਭਲੇ ਸਨ ਤੇ ਸਭ ਦਾ ਭਲਾ ਮੰਗਦੇ ਤੇ ਸਭ ਨਾਲ ਭਲਾ ਕਰਦੇ ਸਨ। ਕੇਹਰ ਸਿੰਘ ਨੂੰ ਇਹ ਗੁਣ ਮਾਪਿਆਂ ਤੋਂ ਵਿਰਸੇ ਵਿਚ ਮਿਲੇ ਸਨ ਤੇ ਉਹ ਪਿਆਰ ਵੀ ਸਭ ਨੂੰ ਕਰਦਾ ਸੀ ਤੇ ਨਫ਼ਰਤ ਕਿਸੇ ਨੂੰ ਵੀ ਨਹੀਂ। ਬਚਪਨ ਤੋਂ ਹੀ ਮਾਂ ਨਾਲ ਗੁਰਦੁਆਰੇ ਜਾਂਦਾ ਤੇ ਗੁਰਬਾਣੀ ਦਾ ਕੀਰਤਨ, ਕਥਾ, ਲੈਕਚਰ ਤੇ ਸਾਖੀਆਂ ਸੁਣਦਾ ਰਹਿੰਦਾ ਸੀ ਜਿਸ ਦੇ ਸਦਕਾ ਉਸ ਦਾ ਰੋਮ-ਰੋਮ, ਬਚਪਨ ਤੋਂ ਹੀ ਸਿੱਖੀ-ਸਿਦਕ ਤੇ ਭਰੋਸੇ ਵਿਚ ਗੜੁੰਦ ਹੋ ਚੁੱਕਾ ਸੀ। ਉਹ ਗੋਰੇ ਰੰਗ, ਤਿੱਖੇ ਨਕਸ਼ਾਂ, ਵਾਲਾ ਸੁੰਦਰ ਤੇ ਸਡੋਲ ਜਵਾਨ ਬਣਿਆ। ਉਹ ਜਿੱਥੇ ਸਾਊ ਸੀ ਉਥੇ ਬਲੀ ਵੀ ਸੀ। ਉਸ ਦੇ ਮਨ, ਸਰੀਰ ਤੇ ਆਤਮਾ ਵਿਚ ਕਮਾਲ ਦਾ ਸੁਮੇਲ ਸੀ। ਆਪਣੇ ਪਿੰਡ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਉਸ ਦੀ ਧੁੰਮ ਚੜ੍ਹਦੀ ਜਵਾਨੀ ਵਿਚ ਹੀ ਪੈ ਗਈ ਸੀ— ਉਹ ਭਲਵਾਨ ਵੀ ਸੀ ਤੇ ਛਿੰਝਾਂ ਦੇ ਮੁਕਾਬਲਿਆਂ ਵਿਚ ਭਾਰ ਚੁੱਕ ਕੇ ਵੀ ਬੜੇ-ਬੜੇ ਇਨਾਮ ਜਿੱਤਦਾ ਸੀ। ਆਪਣੇ ਧਰਮ, ਨੇਕੀ ਤੇ ਉੱਚੇ ਅਸੂਲਾਂ ਦੀ ਖ਼ਾਤਰ ਹਮੇਸ਼ਾਂ ਜਾਨ ਕੁਰਬਾਨ ਕਰਨ ਲਈ ਤਿਆਰ ਰਹਿੰਦਾ ਸੀ।

ਅਜੇ ਕੇਹਰ ਸਿੰਘ ਅਠਾਰਾਂ ਸਾਲ ਦਾ ਹੀ ਸੀ ਜਦੋਂ ਪਲਟਨ ਨੰਬਰ ੨ ਵਿਚ ਕੋਹਾਟ, ਸ਼ਮਾਲ ਮਗ਼ਰਬੀ ਸਰਹੱਦੀ ਸੂਬੇ ਦੀ ਛਾਉਣੀ ਵਿਚ ਭਰਤੀ ਹੋ ਗਿਆ। ਉਸ ਨੇ ਚਿਤਰਾਲ, ਬਨੂੰ, ਟੌਂਕ, ਬਿਜੌਰ ਤੇ ਮੁੱਲਾਂ- ਪੈਵੰਦ ਦੇ ਮੈਦਾਨੇ-ਜੰਗਾਂ ਵਿੱਚ ਬਹਾਦਰੀ ਦੀ ਕਮਾਲ ਕਰ ਦਿੱਤੀ ਤੇ ਦਸ ਸਾਲ ਦੀ ਫ਼ੌਜੀ ਨੌਕਰੀ ਬਾਅਦ ੧੮੯੭ ਵਿਚ ਉਹ ਹਵਾਲਦਾਰ ਬਣ ਗਿਆ ਅਤੇ ਉਸ ਨੇ ਬਹਾਦਰੀ ਦੇ ਸੱਤ ਤਮਗ਼ੇ ਜਿੱਤੇ। ਉਹ ਬੇਮਿਸਾਲ ਸ਼ਿਕਾਰੀ ਤੇ ਨਿਸ਼ਾਨਚੀ ਸੀ ਤੇ ਉਸ ਦੀ ਦਲੇਰੀ ਤੇ ਚੁਸਤੀ ਚੀਤਿਆਂ ਤੇ ਸ਼ੇਰਾਂ ਦੀ ਚੁਸਤੀ-ਚਲਾਕੀ ਨੂੰ ਵੀ ਮਾਤ ਪਾਂਦੀ ਸੀ। ਇਹੀ ਕਾਰਨ ਸੀ ਕਿ ਉਸ ਦੇ ਅੰਗ੍ਰੇਜ਼ ਕਮਾਂਡਿੰਗ ਅਫ਼ਸਰ, ਸ਼ੇਰਾਂ ਦੇ ਸ਼ਿਕਾਰ ਲਈ, ਹਮੇਸ਼ਾਂ ਉਸ ਨੂੰ ਨਾਲ ਲੈ ਕੇ ਜਾਂਦੇ ਸਨ। ਸ਼ਿਕਾਰ ਵਿਚ ਵਿਖਾਈ ਇਕ ਬਹਾਦਰੀ ਨੇ ਤਾਂ ਫੌਜ ਵਿਚ ਉਸ ਦੇ ਨਾਮ ਨੂੰ ਅਖਾਣ ਵਾਂਗੂੰ ਮਸ਼ਹੂਰ ਕਰ ਦਿੱਤਾ।

ਇਕ ਵਾਰ ਉਸ ਦੀ ਰੈਜਮੈਂਟ ਦੀ ਤਬਦੀਲੀ ਆਸਾਮ ਵਿਚ ਹੋ ਗਈ। ਉਸ ਦਾ ਕਮਾਂਡਿੰਗ ਅਫ਼ਸਰ ਉਸ ਨੂੰ ਆਪਣੇ ਨਾਲ ਸ਼ੇਰ ਦਾ ਸ਼ਿਕਾਰ ਕਰਨ ਵਾਸਤੇ ਲੈ ਗਿਆ। ਉਹ ਦੋਵੇਂ ਘਣੇ ਜੰਗਲ ਵਿਚ ਪਹੁੰਚ ਗਏ ਜਿੱਥੇ ਉਹਨਾਂ ਨੇ ਇਕ ਰੁੱਖ 'ਤੇ ਚੜ੍ਹ ਕੇ ਉੱਤੋਂ, ਸ਼ੇਰ ਹੇਠਾਂ ਜ਼ਮੀਨ 'ਤੇ ਮਾਰਨਾ ਸੀ। ਅੰਗ੍ਰੇਜ਼ ਅਫ਼ਸਰ ਤਾਂ ਦਰਖ਼ਤ 'ਤੇ ਚੜ੍ਹ ਗਿਆ ਪਰ ਕੇਹਰ ਸਿੰਘ ਅਜੇ ਬੇਖ਼ਬਰ ਤੇ

ਸਹਿਜ-ਸੁਭਾਅ ਹੇਠਾਂ ਹੀ ਖਲੋਤਾ ਸੀ। ਕਰਨਾ ਰੱਬ ਦਾ ਇਕ ਦੱਮ ਇਕ ਖ਼ੂੰਖ਼ਾਰ ਸ਼ੇਰ ਗਰਜਦਾ ਤੇ ਦਹਾੜਦਾ ਹੋਇਆ ਉਸ ਰੁੱਖ ਦੇ ਕੋਲ ਹੀ ਆ ਪੁੱਜਾ। ਇਹ ਬੜੇ ਭਿਆਨਕ ਤੇ ਮਾਰੂ ਪਲ ਸਨ। ਇਹ ਵੇਖ ਕੇ ਅੰਗ੍ਰੇਜ਼ ਅਫ਼ਸਰ ਨੇ ਰੁੱਖ ਉੱਤੋਂ ਉੱਚੀ ਉੱਚੀ ਆਖਿਆ, "ਅਰੇ ਕੇਹਰ ਸਿੰਘ! ਜਲਦੀ ਸੇ ਦਰਖ਼ਤ 'ਪਰ ਚੜ੍ਹ ਜਾਉ ਨਹੀਂ ਤੋ ਸ਼ੇਰ ਤੁਮੇਂ ਮਾਰ ਦੇਗਾ।' ਸ਼ੇਰ ਬਿਲਕੁਲ ਨੇੜੇ ਆ ਢੁੱਕਾ ਸੀ। ਕੇਹਰ ਸਿੰਘ ਨੇ ਬਿਜਲੀ ਦੀ ਰਫ਼ਤਾਰ ਨਾਲ ਆਪਣਾ ਨੇਜ਼ਾ ਕੱਸ ਕੇ ਅਫ਼ਸਰ ਨੂੰ ਜਵਾਬ ਦਿੱਤਾ, "ਸਾਹਿਬ, ਅਬ ਸ਼ੇਰ ਮੁਝੇ ਰੁੱਖ 'ਤੇ ਨਹੀਂ ਚੜ੍ਹਨੇ ਦੇਗਾ। ਮੈਂ ਕੇਹਰ ਸਿੰਘ ਹੂੰ ਔਰ ਸ਼ੇਰ ਸ਼ੇਰ ਹੈ, ਦੋਨੋਂ ਇਕ ਬਾਤ ਹੀ ਹੈ। ਮੈਂ ਸ਼ੇਰੋਂ ਕੋ ਰੁੱਖ 'ਪਰ ਚੜ੍ਹ ਕੇ ਮਾਰਤਾ ਰਹਾ ਹੂੰ। ਆਜ ਇਸੇ ਜ਼ਮੀਨ 'ਪਰ ਮਾਰੂੰਗਾ।"

ਫਿਰ ਕੀ ਹੋਇਆ? ਦਹਾੜਦਾ ਹੋਇਆ ਸ਼ੇਰ ਚੁੰਘੀ ਮਾਰ ਕੇ ਕੇਹਰ ਸਿੰਘ 'ਤੇ ਝਪਟ ਪਿਆ। ਚੁਸਤ, ਨਿਡਰ ਤੇ ਬਲੀ ਕੇਹਰ ਸਿੰਘ ਨੇ ਸ਼ੇਰ ਦੇ ਮੂੰਹ ਵਿਚ ਨੇਜ਼ਾ ਮਾਰਿਆ। ਬੱਸ ਫਿਰ ਕੀ ਸੀ। ਘੋਲ ਸ਼ੁਰੂ ਹੋ ਗਿਆ। ਗੱਜਦਾ ਸ਼ੇਰ ਤਾਕਤ ਦੇ ਧੱਕੇ ਨਾਲ ਕੇਹਰ ਸਿੰਘ ਤੱਕ ਪੁੱਜ ਕੇ ਉਸ ਨੂੰ ਚਬਾ ਜਾਣਾ ਚਾਹੁੰਦਾ ਸੀ ਤੇ ਕੇਹਰ ਸਿੰਘ ਉਸ ਨੂੰ ਆਪਣੇ ਸਰੀਰ ਨੂੰ ਛੋਹਣ ਦਾ ਪਲ ਨਹੀਂ ਸੀ ਦੇਣਾ ਚਾਹੁੰਦਾ। ਬੱਸ ਧੱਕਮ-ਧੱਕਾ ਹੋਇਆ ਤੇ ਹੋਇਆ ਵੀ ਖ਼ੂਬ। ਨੇਜ਼ੇ ਨੇ ਸ਼ੇਰ ਦੀ ਸਾਹ ਲੈਣ ਵਾਲੀ ਨਾਲੀ ਤੇ ਧੌਣ ਪਾੜ ਦਿੱਤੀ। ਹਾਰ-ਹੁੱਟ ਤੇ ਹਫ਼ ਕੇ ਸ਼ੇਰ ਡਿੱਗ ਪਿਆ। ਰੁੱਖ 'ਤੇ ਚੜ੍ਹੇ ਹੋਏ ਅੰਗ੍ਰੇਜ਼ ਅਫ਼ਸਰ ਨੇ ਆਪਣੇ ਗਲ ਵਿਚ ਲਟਕਾਏ ਹਥਲੇ ਕੈਮਰੇ ਨਾਲ ਦੋ ਬਹਾਦਰਾਂ ਜਿਨ੍ਹਾਂ 'ਚੋਂ ਇਕ ਦਾ ਨਾਂ ਕੇਹਰ ਤੇ ਦੂਜੇ ਦਾ ਸ਼ੇਰ ਸੀ, ਦੇ ਹੋ ਰਹੇ ਘੋਲ ਦੀ ਫੋਟੋ ਖਿੱਚ ਲਈ ਜੋ ਸਰਦਾਰ ਗੁਰਬਖਸ਼ ਸਿੰਘ ਸ਼ਮਸ਼ੇਰ ਝਬਾਲੀਏ ਨੇ ਆਪਣੀ ਮਸ਼ਹੂਰ ਕਿਤਾਬ 'ਸ਼ਹੀਦੀ ਜੀਵਨ' ਜੋ ੧੯੩੮ ਵਿਚ ਛਪੀ ਸੀ ਵਿਚ ਛਾਪੀ। ਕੇਹਰ ਨੇ ਨੇਜ਼ੇ ਨਾਲ ਹੀ ਸ਼ੇਰ ਨੂੰ ਮਾਰ ਦਿੱਤਾ। ਅੰਗ੍ਰੇਜ਼ ਅਫਸਰ ਨੇ ਹੇਠਾਂ ਉਤਰ ਕੇ ਕੇਹਰ ਸਿੰਘ ਨੂੰ ਜੱਫੀ ਪਾਈ ਤੇ ਥਾਪੀ ਮਾਰੀ, ਮੱਥਾ ਤੇ ਹੱਥ ਚੁੰਮੇ ਤੇ ਜੰਗਲ ਵਿਚ ਵਾਪਰੀ ਇਹ ਘਟਨਾ ਫ਼ੌਜ ਵਿਚ ਜੰਗਲ ਦੀ ਅੱਗ ਵਾਂਗੂੰ ਫੈਲ ਗਈ।

ਕੇਹਰ ਸਿੰਘ ਬੜਾ ਡੂੰਘੀ ਸ਼ਰਧਾ ਵਾਲਾ ਸਿੱਖ ਸੀ, ਉਹ ਖਾਸ ਦਿਨ ਦਿਹਾਰ ਤੇ ਗੁਰਪੁਰਬਾਂ ਦੇ ਸਮਾਗਮਾਂ 'ਤੇ ਸਭ ਤੋਂ ਵਧ ਕੇ ਹਿੱਸਾ ਲੈਂਦਾ ਸੀ ਤੇ ਰੈਜਮੈਂਟ ਦੇ ਗੁਰਦੁਆਰੇ ਬਾਕਾਇਦਾ ਜਾਣਾ ਉਸ ਦਾ ਨਿਤਨੇਮ ਸੀ। ਉਹ ਰੋਜ਼ ਪੰਜਾਂ ਬਾਣੀਆਂ ਦਾ ਪਾਠ ਕਰਦਾ ਸੀ ਤੇ ਪ੍ਰਸਿੱਧ ਅਖੰਡ-ਪਾਠੀ ਸੀ। ਗੁਰਬਾਣੀ ਉਸ ਨੂੰ ਕੰਠ ਵੀ ਬੜੀ ਸੀ ਤੇ ਸਿੱਖ ਇਤਿਹਾਸ ਦੀ ਵੀ ਉਸ ਨੂੰ ਬੜੀ ਵਿਸ਼ਾਲ

ਵਾਕਫ਼ੀ ਸੀ। ਧਾਰਮਕ ਸਮਾਗਮਾਂ 'ਤੇ ਰੈਜਮੈਂਟ ਦੇ ਗੁਰਦੁਆਰੇ ਵਿਚ ਲੈਕਚਰ ਵੀ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੇਂਦਾ ਸੀ। ਉਹ ਬਿਨਾਂ ਕਿਸੇ ਜ਼ਾਤ-ਪਾਤ ਜਾਂ ਮਜ਼੍ਹਬੀ ਦਵੈਤ ਤੋਂ ਰਹਿਤ ਸਭ ਦਾ ਸੇਵਾਦਾਰ, ਸਹਾਇਕ ਤੇ ਹਮਦਰਦ ਸੀ ਜਿਸ ਦੇ ਸਦਕਾ ਸਿਪਾਹੀਆਂ ਤੋਂ ਲੈ ਕੇ ਅਫ਼ਸਰਾਂ ਤੱਕ ਸਾਰੇ ਉਸ ਨੂੰ ਪਿਆਰ ਕਰਦੇ ਸਨ ਤੇ ਉਸ ਦਾ ਸਤਿਕਾਰ ਵੀ। ਉਸ ਦੇ ਮਨ-ਬਚਨ-ਕਰਮ, ਤਿੰਨਾਂ ਵਿਚ ਸੁਮੇਲ ਸੀ ਜਿਸ ਦੇ ਕਾਰਨ ਉਸ ਦਾ ਜੀਵਨ ਬੜਾ ਸੁਚੱਜਾ ਤੇ ਸੰਤੁਲਿਤ ਸੀ।

ਉਹ ੧੮੮੭ ਵਿਚ ਭਰਤੀ ਹੋਇਆ ਸੀ। ਵੀਹ ਸਾਲ ਨੌਕਰੀ ਕਰਨ ਤੱਕ ਉਸ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਉਸ ਦੇ ਪੈਨਸ਼ਨ 'ਤੇ ਜਾਣ ਦੇ ਦਿਨ ਨੇੜੇ ਆ ਰਹੇ ਸਨ। ਕਰਨਾ ਰੱਬ ਦਾ ਉਸ ਦੀ ਰੈਜਮੈਂਟ ਵਿਚ ਇਕ ਸਿੱਖ ਹਵਾਲਦਾਰ ਦੀ ਅਚਾਨਕ ਮੌਤ ਹੋ ਗਈ ਤੇ ਉਸ ਦੀ ਜਵਾਨ ਵਹੁਟੀ ਵਿਧਵਾ ਹੋ ਗਈ ਜਿਸ ਦੀ ਅਜੇ ਕੋਈ ਔਲਾਦ ਨਹੀਂ ਸੀ। ਕੇਹਰ ਸਿੰਘ ੩੮-੩੯ ਸਾਲ ਦਾ ਹੋ ਕੇ ਵੀ ਜਵਾਨਾਂ ਤੋਂ ਵੀ ਜਵਾਨ ਜਾਪਦਾ ਸੀ। ਬਹੁਤ ਸਾਰੇ ਸਿਪਾਹੀਆਂ, ਸਾਥੀਆਂ ਤੇ ਅਫਸਰਾਂ ਦੇ ਸਮਝਾਣ 'ਤੇ ਉਹ ਜਵਾਨ ਵਿਧਵਾ ਕੇਹਰ ਸਿੰਘ ਨਾਲ ਸ਼ਾਦੀ ਕਰਨ ਲਈ ਤਿਆਰ ਹੋ ਗਈ ਤੇ ਸਾਰਿਆਂ ਨੇ ਜ਼ੋਰ ਪਾ ਕੇ ਇਸ ਕਾਰਜ ਲਈ ਕੇਹਰ ਸਿੰਘ ਨੂੰ ਵੀ ਮਨਾ ਲਿਆ। ਉਹਨਾਂ ਦਿਨਾਂ ਵਿਚ ਵਿਧਵਾ-ਵਿਆਹ ਨੂੰ ਸਮਾਜ ਵਿਚ ਬਹੁਤ ਘਿਰਣਾ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ ਤੇ ਹਿੰਦੁਸਤਾਨ ਵਿਚ ਲੱਖਾਂ ਜਵਾਨ ਵਿਧਵਾ ਔਰਤਾਂ ਜਾਂ ਸਹੁਰੇ ਘਰ ਤੇ ਜਾਂ ਪੇਕੇ ਘਰ ਰੁਲ-ਰੁਲ ਤੇ ਠੇਡੇ ਖਾ-ਖਾ ਕੇ ਮਰ ਜਾਂਦੀਆਂ ਸਨ। ਇਸ ਲਈ ਕੇਹਰ ਸਿੰਘ ਦੇ ਸੁਧਾਰਕ ਸਿੱਖ ਮਨ ਨੇ ਇਸ ਮਨੁੱਖਤਾ-ਮਾਰਨੀ ਰਸਮ ਤੇ ਘਾਤਕ ਰਿਵਾਜ ਬਾਰੇ ਵੀਚਾਰ ਕਰ ਕੇ ਉਸ ਵਿਧਵਾ ਨਾਲ ਵਿਆਹ ਕਰਵਾਇਆ ਸੀ। ਵਿਆਹ ਤੋਂ ਥੋੜ੍ਹੇ ਮਹੀਨੇ ਪਿੱਛੋਂ ਹੀ ੧੯੦੯ ਵਿਚ ਕੇਹਰ ਸਿੰਘ ਆਪਣੀ ਵਹੁਟੀ ਸਮੇਤ ੭ ਰੁਪੈ ਮਾਹਵਾਰ ਪੈਨਸ਼ਨ ਲੈ ਕੇ ਆਪਣੇ ਘਰ, ਪਿੰਡ ਜਰਗ ਆ ਗਿਆ। ਕੇਹਰ ਸਿੰਘ ਦੀ ਵਹੁਟੀ ਦਾ ਨਾਂ ਰਤਨ ਕੌਰ ਸੀ ਜੋ ਗੁਰੂ ਗ੍ਰੰਥ ਸਾਹਿਬ ਦਾ ਬਹੁਤ ਸੁੰਦਰ ਸ਼ੁੱਧ ਪਾਠ ਕਰਦੀ ਸੀ। ਬਾਣੀ ਦੀ ਨਿੱਤਨੇਮਣ ਸੀ ਤੇ ਬੜੀ ਸੁੰਦਰ, ਸੁਘੜ, ਮਿੱਠ-ਬੋਲੜੀ, ਸਾਊ, ਧੀਰਜ ਵਾਲੀ, ਘਰੇਲੂ ਕੰਮ-ਕਾਜ ਵਿਚ ਕਮਾਲ ਦੀ ਸੁਚੱਜੀ ਤੇ ਮਿਲਣਸਾਰ ਸੀ। ਕੇਹਰ ਸਿੰਘ ਦੀ ਮਾਤਾ ਹਰਨਾਮ ਕੌਰ ਇਹੋ ਜਿਹੀ ਸੁਸ਼ੀਲ ਨੂੰਹ ਦੇ ਘਰ ਆਉਣ 'ਤੇ ਬੜੀ ਖੁਸ਼ ਸੀ।

ਕੇਹਰ ਸਿੰਘ ਨੂੰ ਵਾਪਸ ਘਰ ਆਇਆਂ ਤਿੰਨ ਸਾਲ ਬੀਤ ਚੁੱਕੇ ਸਨ ਤੇ ਕੇਹਰ ਸਿੰਘ ਦੇ ਘਰ ਇਕ ਖ਼ੂਬਸੂਰਤ ਬੱਚੇ ਨੇ ਜਨਮ ਲਿਆ ਪਰ ਕਰਮਾਂ ਦੀ ਖੇਡ ਕੇਹਰ ਸਿੰਘ ਦੀ ਵਹੁਟੀ ਰਤਨ ਕੌਰ ੨੧ ਦਿਨਾਂ ਦਾ ਬੱਚਾ ਛੱਡ ਕੇ ਪਰਲੋਕ ਸਿਧਾਰ ਗਈ। ਇਹ ਘਟਨਾ ੧੯੧੨ ਦੀ ਹੈ। ੨੧ ਦਿਨ ਦੇ ਨਵੇਂ ਜੰਮੇ, ਪਰ ਮਾਂ-ਮਹਿਟਰ ਬੱਚੇ ਦਾ ਨਾਂ ਦਰਬਾਰਾ ਸਿੰਘ ਰੱਖਿਆ ਗਿਆ। ਕੇਹਰ ਸਿੰਘ ਦੀ ਮਾਂ ਦਰਬਾਰਾ ਸਿੰਘ ਦੀ ਦਾਦੀ ਹਰਨਾਮ ਕੌਰ ਵੀ ਬੜੀ ਗੁਰਮੁਖ ਸਿੱਖਣੀ ਸੀ। ਉਸ ਨੂੰ ਰਤਨ ਕੌਰ ਜਿਹੀ ਸੁਸ਼ੀਲ ਨੂੰਹ ਦੇ ਇੱਕੀ ਦਿਨਾਂ ਦਾ ਬੱਚਾ ਛੱਡ ਕੇ ਮਰ ਜਾਣ ਦਾ ਬੜਾ ਦੁੱਖ ਲੱਗਾ ਪਰ ਅਕਾਲ ਪੁਰਖ ਦਾ ਭਾਣਾ ਮੰਨ ਕੇ ਜੇਰਾ ਕਾਇਮ ਰੱਖਿਆ ਤੇ ਦਰਬਾਰਾ ਸਿੰਘ ਨੂੰ ਮਾਂ ਦੀ ਅਣਮੋਲ ਨਿਸ਼ਾਨੀ ਤੇ ਪੁੱਤਰ ਕੇਹਰ ਸਿੰਘ ਦੀ ਵੇਲ ਦੀ ਸ਼ਾਖ ਸਮਝ ਕੇ ਚਾਵਾਂ ਨਾਲ ਕਾਕੇ ਦਰਬਾਰਾ ਸਿੰਘ ਨੂੰ ਗੁਰਬਾਣੀ ਦੇ ਸ਼ਬਦ ਸੁਣਾ-ਸੁਣਾ ਕੇ ਲੋਰੀਆਂ ਦੇਂਦੀ ਤੇ ਝੋਲੀ ਵਿਚ ਲਿਟਾ ਕੇ ਮਿੱਠੀ ਸੁਰ ਵਿਚ ਸਤਿ ਨਾਮੁ-ਵਾਹਿਗੁਰੂ ਦੀ ਰੁਣ-ਝੁਣ ਲਾਈ ਰੱਖਦੀ। ਦਰਬਾਰਾ ਸਿੰਘ ਸੋਹਣਾ ਵੀ ਬੇਹੱਦ ਸੀ। ਮੁੱਢ ਤੋਂ ਹੀ ਦਰਬਾਰਾ ਸਿੰਘ ਦੀ ਬਿਰਤੀ ਤੇ ਸੁਰਤੀ ਅਜੀਬ ਜਾਂ ਅਦੁੱਤੀ ਸੀ। ਦਾਦੀ ਦੇ ਸ਼ਬਦਾਂ ਦੀਆਂ ਲੋਰੀਆਂ ਉਹ ਇਸ ਤਰ੍ਹਾਂ ਇਕਾਗਰ ਹੋ ਕੇ ਸੁਣਦਾ; ਜਿਵੇਂ ਪਿਛਲੇ ਜਨਮ ਤੋਂ ਹੀ ਉਹ ਗੁਰੂ ਤੇ ਗੁਰਬਾਣੀ ਦਾ ਅਤੀ ਸ਼ਰਧਾਲੂ ਹੋਵੇ !

ਦਰਬਾਰਾ ਸਿੰਘ ਲਈ ਹਰਨਾਮ ਕੌਰ ਮਾਂ ਵੀ ਸੀ ਤੇ ਦਾਦੀ ਵੀ, ਕਿਉਂਕਿ ਉਸ ਦੀ ਸਾਰੀ ਪਾਲਨਾ-ਪੋਸਣਾ ਤੇ ਦੇਖ-ਭਾਲ ਉਸ ਦੇ ਸਿਰ 'ਤੇ ਸੀ। ਦਰਬਾਰਾ ਸਿੰਘ ਵੀ ਪਿਉ ਵਾਂਗੂੰ ਸਰੀਰ ਦਾ ਸਡੋਲ, ਖੁੱਲ੍ਹੇ ਹੱਡਾਂ-ਪੈਰਾਂ ਦਾ ਤੇ ਤੰਦਰੁਸਤ ਸੀ ਪਰ ਹੈਸੀ, ਪਿਉ ਤੋਂ ਵੀ ਜ਼ਿਆਦਾ ਸੋਹਣਾ। ਜਦੋਂ ਮਾਤਾ ਹਰਨਾਮ ਕੌਰ ਦਰਬਾਰਾ ਸਿੰਘ ਨੂੰ ਚੁੱਕ ਕੇ ਘਰੋਂ ਬਾਹਰ ਨਿਕਲਦੀ ਤਾਂ ਸਾਰੇ ਪਿੰਡ ਦੀਆਂ, ਬੱਚਿਆਂ ਵਾਲੀਆਂ ਜ਼ਨਾਨੀਆਂ, ਨਵ-ਵਿਆਹੀਆਂ ਨੂੰਹਾਂ, ਜਵਾਨ ਧੀਆਂ ਆਖਦੀਆਂ: "ਬੇਬੇ, ਦਰਬਾਰੇ ਦੇ ਮੂੰਹ 'ਤੇ ਕਾਲਾ ਦੁਪੱਟਾ ਪਾ ਕੇ ਰੱਖਿਆ ਕਰ। ਇਹਨੂੰ ਕਿਸੇ ਦੀ ਨਜ਼ਰ ਨਾ ਲੱਗ ਜਾਵੇ!" ਕਈ ਤੇ ਭੱਜ ਕੇ ਤਵੇ ਦੀ ਕਾਲਖ ਲਿਆ ਕੇ, ਦਰਬਾਰੇ ਦਾ ਮੂੰਹ-ਮੱਥਾ ਚੁੰਮ ਕੇ, ਦਰਬਾਰੇ ਦੇ ਮੱਥੇ 'ਤੇ ਲਾ ਦੇਂਦੀਆਂ ਸਨ। ਸਾਰਾ ਪਿੰਡ ਆਖਦਾ: "ਇਹ ਬੱਚਾ ਖ਼ਾਨਦਾਨ ਦਾ ਨਾਮ ਅਮਰ ਕਰੇਗਾ। ਕੋਈ ਅਨੋਖਾ ਕਾਰਨਾਮਾ ਕਰੇਗਾ। ਪਿਉ ਦੇ ਵੀ ਸਾਬਾਸ਼ੇ ! ਪਰ ਇਹ ਤਾਂ ਪਿਉ ਤੋਂ ਵੀ ਦੋ ਹੱਥ ਅੱਗੇ ਛਾਲ ਮਾਰੇਗਾ।"

ਦਰਬਾਰਾ ਸਿੰਘ ਅਜੇ ਮਸਾਂ ਛੇਆਂ ਮਹੀਨਿਆਂ ਦਾ ਹੀ ਸੀ ਕਿ ਕੇਹਰ

ਸਿੰਘ ਦੇ ਮਾਤਾ, ਪਿਤਾ ਤੇ ਭਰਾ, ਸਾਰਾ ਪਰਿਵਾਰ ਜਰਗ ਤੋਂ ਬਾਰ ਦੇ ਇਲਾਕੇ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਡੱਲਾ ਚੰਦਾ ਸਿੰਘ ਚੱਕ ਨੰਬਰ ੯੫ ਵਿਚ ਚਲੇ ਗਏ ਤੇ ਉਥੇ ਜਾ ਕੇ ਠੇਕੇ 'ਤੇ ਜ਼ਮੀਨ ਲੈ ਕੇ ਕਾਸ਼ਤਕਾਰੀ ਕਰਨ ਲੱਗ ਪਏ। ਕੇਹਰ ਸਿੰਘ ਤੇ ਉਸ ਦੇ ਭਰਾਵਾਂ ਨੇ ਉਪਜਾਊ ਭੋਏਂ ਦੀ ਵਾਹੀ ਬੜੇ ਸੁਚੱਜੇ ਤੇ ਮਿਹਨਤੀ ਢੰਗ ਨਾਲ ਕੀਤੀ ਤੇ ਸਾਲੋ-ਸਾਲ ਉਹਨਾਂ ਦੀ ਮਾਲੀ ਹਾਲਤ ਚੰਗੀ ਤੋਂ ਚੰਗੀ ਹੁੰਦੀ ਗਈ ਤੇ ਪੰਜਾਂ-ਛੇਆਂ ਸਾਲਾਂ ਦੇ ਵਿਚ ਹੀ ਉਹਨਾਂ ਕੁਝ ਜ਼ਮੀਨ ਖ਼ਰੀਦ ਵੀ ਲਈ। ਕੇਹਰ ਸਿੰਘ ਦਾ ਬਾਰ ਵਿਚ ਆ ਕੇ ਵੀ ਆਲੇ-ਦੁਆਲੇ ਦੇ ਇਲਾਕੇ ਵਿਚ ਇੱਜ਼ਤ-ਮਾਨ ਤੇ ਰਸੂਖ਼ ਪੈਦਾ ਹੋ ਗਿਆ ਅਤੇ ਉਸ ਦੇ ਹਰਮਨ ਪਿਆਰੇ ਸੁਭਾਅ ਤੇ ਸਰਬੱਤ ਦੇ ਭਲੇ ਦੇ ਵਤੀਰੇ 'ਤੇ ਸਭ ਖ਼ੁਸ਼ ਸਨ। ਦਾਦੀ ਤੇ ਪਿਉ ਦੋਵੇਂ ਹੀ ਦਰਬਾਰਾ ਸਿੰਘ ਨੂੰ ਸਿੱਖ-ਇਤਿਹਾਸ ਦੀਆਂ ਬਹਾਦਰੀ ਤੇ ਕੁਰਬਾਨੀ ਭਰੀਆਂ ਘਟਨਾਵਾਂ ਸੁਣਾਂਦੇ ਰਹਿੰਦੇ ਸਨ। ਕੇਹਰ ਸਿੰਘ ਤਾਂ ਖ਼ਾਸ ਕਰ ਉਸ ਨੂੰ ਬੜਾ ਆਦਰਸ਼ਕ ਸਿੱਖ ਬਣਾਨ ਦਾ ਮਨੋਂ-ਤਨੋਂ ਚਾਹਵਾਨ ਸੀ। ਦਰਬਾਰਾ ਸਿੰਘ ਦੀ ਯਾਦਾਸ਼ਤ ਵੀ ਕਮਾਲ ਦੀ ਸੀ ਤੇ ਜੋ ਗੱਲ ਵੀ ਉਹ ਸੁਣ ਲੈਂਦਾ ਸੀ ਭੁੱਲਦਾ ਨਹੀਂ ਸੀ ਤੇ ਕਈ ਵਾਰੀ ਸੁਣਨ ਦੇ ਬਾਅਦ ਘੰਟਿਆਂ-ਬੱਧੀ ਸੁਣੀ ਹੋਈ ਘਟਨਾ ਜਾਂ ਕਾਰਨਾਮੇ ਦਾ ਨਕਸ਼ਾ ਆਪਣੀ ਸੋਚ ਦੇ ਖੇਤਰ ਵਿਚ ਖਿੱਚਦਾ ਰਹਿੰਦਾ ਤੇ ਕਈ ਵਾਰੀ ਬਾਰ-ਬਾਰ ਕਈ ਨੁਕਤੇ ਘੋਖ-ਘੋਖ ਕੇ ਪੁੱਛਦਾ ਸੀ, ਜਿਵੇਂ ਕੋਈ ਖੋਜੀ ਇਤਿਹਾਸਕਾਰ ਕਰਦਾ ਹੈ। ਦਰਬਾਰਾ ਸਿੰਘ ਦੇ ਦਿਲ, ਦਿਮਾਗ ਤੇ ਸਾਰੇ ਸਰੀਰ ਵਿੱਚ, ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਬੱਚਿਆਂ—ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਦੀ ਸ਼ਹੀਦੀ ਦੀ ਵਿਥਿਆ, ਇਕ ਜੋਸ਼, ਇਕ ਝਰਨਾਟ ਤੇ ਇਕ ਉਤਸ਼ਾਹ ਤੇ ਨਾ ਠਲ੍ਹਿਆ ਜਾਣ ਵਾਲਾ ਉਮਾਹ ਪੈਦਾ ਕਰ ਦੇਂਦੀ ਸੀ। ਦਾਦੀ ਤੇ ਪਿਉ ਨੇ ਉਸ ਨੂੰ ਚਾਰ ਸਾਲ ਦੀ ਉਮਰ ਵਿਚ ਹੀ ਪੰਜਾਬੀ ਪੜ੍ਹਾਣੀ ਸ਼ੁਰੂ ਕਰ ਦਿੱਤੀ ਸੀ ਤੇ ਉਹ ਗੁਰਮੁਖੀ ਅੱਖਰ ਮੋਤੀਆਂ ਵਾਂਗੂੰ ਸਵਾਰ-ਸ਼ਿੰਗਾਰ ਕੇ ਲਿਖਦਾ ਸੀ। ਪੰਜ ਛੇ ਸਾਲ ਦੀ ਉਮਰ ਵਿਚ ਉਹ ਜਪੁ ਜੀ ਸਾਹਿਬ ਤੇ ਪੰਜ ਗ੍ਰੰਥੀ ਤੋਂ ਹੋਰ ਕਈ ਬਾਣੀਆਂ ਦਾ ਪਾਠ ਸ਼ੁੱਧ ਤੇ ਕਮਾਲ ਦੀ ਮਿੱਠੀ ਸੁਰ ਵਿਚ ਮਸਤੀ ਵਿਚ ਝੂਮ-ਝੂਮ ਕੇ ਕਰਦਾ ਸੀ। ਕਈ ਵਾਰ ਜ਼ਿਦ ਕਰਦਾ ਤੇ ਆਪਣੇ ਪਿਉ ਨੂੰ ਕਹਿੰਦਾ: *"ਬਾਪੂ ਜੀ, ਮੈਨੂੰ ਵੀ ਅੰਮ੍ਰਿਤ ਛਕਾਵੋ। ਮੈਂ ਵੀ ਤੁਹਾਡੇ ਵਾਂਗੂੰ ਗਾਤਰਾ ਪਾਉਣਾ ਏਂ। ਵੇਖੋ ਖਾਂ ! ਤਸਵੀਰ ਵਿਚ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਗਾਤਰੇ ਪਾ ਕੇ ਤੇ ਸਿਰਾਂ 'ਤੇ ਸੋਹਣੀਆਂ ਪੱਗਾਂ ਸਜਾ ਕੇ ਕਿੰਨੇ ਸੋਹਣੇ ਲਗਦੇ ਨੇ! ਤੁਸੀਂ ਕਹਿੰਦੇ ਹੋ, 'ਇਹ ਸ਼ਹੀਦ ਸਾਹਿਬਜ਼ਾਦੇ ਹਨ।*

ਸਾਰਾ ਸਿੱਖ ਜਗਤ ਇਹਨਾਂ ਅੱਗੇ ਸਿਰ ਝੁਕਾਂਦਾ ਹੈ।' ਕੀ ਸ਼ਹੀਦੀ ਏਡੀ ਵੱਡੀ ਚੀਜ਼ ਹੈ ? ਮੈਨੂੰ ਖੋਲ੍ਹ ਕੇ ਦੱਸੋ ? ਸ਼ਹੀਦੀ ਹੈ ਕੇ ਚੀਜ਼ ?"

ਕੇਹਰ ਸਿੰਘ ਨਿੱਕੇ ਜਿਹੇ ਸੱਚ-ਮੁਚ ਸਾਹਿਬਜ਼ਾਦਿਆਂ ਵਰਗੇ ਸੁੰਦਰ ਪੁੱਤਰ ਦਰਬਾਰੇ ਦੀਆਂ ਗੱਲਾਂ ਤੇ ਸਵਾਲ ਸੁਣ-ਸੁਣ ਕੇ ਹੈਰਾਨ ਹੋ ਜਾਂਦਾ। ਤਸੱਲੀਬਖ਼ਸ਼ ਜਵਾਬ ਢੂੰਡਦਾ ਰਹਿੰਦਾ ਤੇ ਕਈ ਵਾਰ ਹੈਰਾਨ ਹੋ ਕੇ ਚੁੱਪ ਦਾ ਚੁੱਪ ਰਹਿ ਕੇ ਹੀ ਸੋਚ ਵਿਚ ਪੈ ਜਾਂਦਾ।

ਦਰਬਾਰਾ ਸਿੰਘ ਨੂੰ ਸੋਹਣੀ ਪੱਗ ਬੰਨ੍ਹਣ ਦਾ ਵੀ ਬੜਾ ਸ਼ੌਕ ਸੀ ਤੇ ਉਸ ਨੇ ਆਪਣੇ ਬਾਪੂ ਤੋਂ ਛੋਟੀ ਉਮਰ ਵਿਚ ਹੀ ਬੜੀ ਸੋਹਣੀ ਪੱਗ ਬੰਨ੍ਹਣੀ ਸਿੱਖ ਲਈ। ਕੇਹਰ ਸਿੰਘ ਬਹੁਤ ਹੀ ਸੋਹਣੀ ਪੱਗ ਬੰਨ੍ਹਦਾ ਸੀ ਤੇ ਫੌਜ ਵਿਚ ਨਵੇਂ ਭਰਤੀ ਹੋਏ ਸਿਪਾਹੀਆਂ ਨੂੰ ਵੀ ਸਿਖਾਂਦਾ ਸੀ। ਅੰਗ੍ਰੇਜ਼ ਪੱਗ ਬੰਨ੍ਹਣ ਦੇ ਮੁਕਾਬਲੇ 'ਚ ਇਨਾਮ ਵੀ ਦੇਂਦੇ ਹੁੰਦੇ ਸਨ ਅਤੇ ਸਿੱਖ ਫੌਜੀਆਂ ਦੇ ਸਿੱਖ ਲਿਬਾਸ ਤੇ ਕੇਸਾਂ ਦੀ ਰਹਿਤ-ਬਹਿਤ ਵੱਲ ਖ਼ਾਸ ਧਿਆਨ ਦੇਂਦੇ ਸਨ। ਦਰਬਾਰਾ ਸਿੰਘ ਸੱਤ ਸਾਲ ਦਾ ਹੋ ਚੁੱਕਾ ਸੀ। ਜਲ੍ਹਿਆਂ ਵਾਲਾ ਬਾਗ਼ ਅੰਮ੍ਰਿਤਸਰ ਦਾ ਸਾਕਾ ਵਰਤ ਚੁੱਕਾ ਸੀ ਜਿਸ ਬਾਰੇ ਉਸ ਨੇ ਆਪਣੇ ਬਾਪੂ ਤੋਂ ਕਾਫ਼ੀ ਕੁਝ ਸੁਣਿਆ ਅਤੇ ਆਪ ਵੀ ਪੰਜਾਬੀ ਦੀ ਅਖ਼ਬਾਰ ਵਿਚ ਪੜ੍ਹਿਆ। ਉਸ ਦੇ ਮਲੂਕ ਮਨ ਉੱਤੇ ਬੜਾ ਡੂੰਘਾ ਅਸਰ ਪਿਆ, ਕਿਉਂਕਿ ਕਈ ਨਿੱਕੇ-ਨਿੱਕੇ ਬੱਚੇ ਵੀ ਗੋਲੀਆਂ ਦਾ ਸ਼ਿਕਾਰ ਹੋਏ ਸਨ। ਇਸ ਕਤਲਾਮ ਬਾਰੇ ਉਸ ਨੇ ਪਿੰਡ ਦੇ ਗੁਰਦੁਆਰੇ ਵਿਚ ਵੀ ਕਈ ਬੁਲਾਰਿਆਂ ਤੋਂ ਸੁਣਿਆ ਤੇ ਉਸ ਦੇ ਦਿਲ ਵਿਚੋਂ ਜ਼ਾਲਮਾਂ ਦੇ ਵਿਰੁੱਧ ਜੋਸ਼ ਤੇ ਯਕਲੰਬ ਉਠਦੇ ਸਨ ਪਰ ਸਭ ਕੁਝ ਉਸ ਛੋਟੇ ਜਿਹੇ ਬੱਚੇ ਦੀ ਬੇਬੱਸੀ ਦੀ ਹੱਦ ਟੱਪ ਨਹੀਂ ਸੀ ਸਕਦਾ। ਹਾਂ, ਸੋਚਾਂ ਤੇ ਜਜ਼ਬਿਆਂ ਦਾ ਉਛਾਲਾ ਕਿਤੇ ਦਾ ਕਿਤੇ ਪੁੱਜ ਜਾਂਦਾ। ਜਲ੍ਹਿਆਂ ਵਾਲੇ ਬਾਗ਼ ਵਿਚ ਵੀ ਜ਼ਿਆਦਾ ਸਿੱਖ ਹੀ ਮਾਰੇ ਗਏ ਸਨ—੧੩੦੦ 'ਚੋਂ ੭੯੯ (੬੧ ਫ਼ੀ ਸਦੀ)। ਜਲ੍ਹਿਆਂ ਵਾਲੇ ਬਾਗ਼ ਵਿਚ ਹੋਏ ਜ਼ੁਲਮ ਦੇ ਦਿਨਾਂ ਵਿਚ ਪੰਜਾਬ ਵਿਚ ਮਾਰਸ਼ਲ ਲਾਅ ਲਾ ਕੇ, ਲੋਕਾਂ 'ਤੇ ਬੜੇ ਜ਼ੁਲਮ ਕੀਤੇ ਗਏ— ਬੇਇਜ਼ਤੀ, ਸਰੀਰਕ ਸਜ਼ਾ, ਜਾਇਦਾਦਾਂ ਦੀ ਜ਼ਬਤੀ, ਗੋਲੀਆਂ ਮਾਰ ਕੇ ਮਾਰਨਾ ਤੇ ਆਮ ਜਨਤਾ ਨੂੰ ਭੈ-ਭੀਤ ਕਰਨ ਲਈ ਕਈ ਲੋਕਾਂ ਨੂੰ ਫੜ ਕੇ ਲੋਕਾਂ ਦੇ ਸਾਹਮਣੇ ਹੀ ਫਾਹੇ ਲਾ ਦੇਣਾ ਆਦਿ ਅਤਿਆਚਾਰ ਕੀਤੇ ਗਏ।

੧੯੨੦ ਵਿੱਚ ਸਿੱਖਾਂ ਵਿਚ ਇਕ ਹੋਰ ਚਰਚਾ ਵੀ ਘਰੋ-ਘਰੀ ਚੱਲ ਪਈ। ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ 'ਤੇ ਉਦਾਸੀ ਮਹੰਤਾਂ ਦਾ ਕਬਜ਼ਾ ਸੀ,

ਇਹ ਮਹੰਤ ਨਾ ਹੀ ਚੰਗੇ ਹਿੰਦੂ ਸਨ ਤੇ ਨਾ ਹੀ ਸਿੱਖ। ਹਾਂ, ਇੱਕ ਗੱਲ ਜ਼ਰੂਰ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤਧਾਰੀ ਸਿੰਘਾਂ ਦੀ ਰਹਿਤ-ਬਹਿਤ ਤੋਂ ਬਹੁਤ ਦੁਰਾਡੇ ਸਨ। ਇਹਨਾਂ 'ਚੋਂ ਜ਼ਿਆਦਾ ਤਾਂ ਵਿਭਚਾਰੀ, ਨਸ਼ਿਆਂ ਦੇ ਨਸ਼ਈ, ਕੱਚੀ-ਭੁੰਨੀ ਹਿੰਦੂ-ਮੱਤ ਦੇ ਪਿਛਲੱਗ ਤੇ ਭਗਵੇ-ਵੇਸੀਏ ਹੀ ਸਨ। ਕਈ ਗੁਰਦੁਆਰਿਆਂ ਦੇ ਨਾਂ ਕਾਫ਼ੀ-ਕਾਫ਼ੀ ਰਕਬੇ ਦੀ ਜ਼ਮੀਨੀ ਜਾਇਦਾਦ ਵੀ ਸੀ ਤੇ ਸੰਗਤਾਂ ਵੱਲੋਂ ਚੜ੍ਹਾਵੇ ਵੀ ਬਹੁਤ ਚੜ੍ਹਦੇ ਸਨ ਪਰ ਇਹ ਮਹੰਤ ਆਏ-ਗਏ ਮੁਸਾਫ਼ਰਾਂ ਜਾਂ ਸੰਗਤਾਂ ਦੀ ਸੇਵਾ ਕਰਨ ਦੀ ਥਾਂ ਸਾਰਾ ਧਨ ਆਪਣੇ ਨਿੱਜੀ ਸਵਾਰਥਾਂ ਤੇ ਐਸ਼-ਇਸ਼ਰਤ ਵਾਸਤੇ ਹੀ ਖਰਚਦੇ ਤੇ ਉਡਾਂਦੇ ਸਨ। ਕਈਆਂ ਨੇ ਵਿਭਚਾਰੀ ਜ਼ਨਾਨੀਆਂ ਵੀ ਰੱਖੀਆਂ ਹੋਈਆਂ ਸਨ ਤੇ ਆਪਣੀ ਤਕੜਾਈ ਲਈ ਗੁੰਡੇ ਤੇ ਮਾਰਧਾੜ ਕਰਨ ਵਾਲੇ ਬਦਮਾਸ਼ ਵੀ ਪਾਲਦੇ ਸਨ ਸਭ ਤੋਂ ਦੁੱਖ ਦੀ ਗੱਲ ਇਹ ਸੀ ਕਿ ਇਹ ਮਹੰਤ ਤੇ ਉਹਨਾਂ ਦੇ ਸ਼ਾਹ-ਬਾਸ਼ ਅੰਗ੍ਰੇਜ਼ੀ ਸਰਕਾਰ ਦੇ ਨਿਰੇ ਪਿੱਠੂ ਹੀ ਨਹੀਂ ਸਨ ਸਗੋਂ ਸੂਹੀਏ ਤੇ ਮੁਖ਼ਬਰ ਸਨ ਅਤੇ ਪੁਲਸ ਨੂੰ ਸੂਹ ਦੇ ਕੇ ਦੇਸ਼ਭਗਤਾਂ ਨੂੰ ਜੋ ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਜੂਝ ਰਹੇ ਸਨ, ਗ੍ਰਿਫਤਾਰ ਕਰਵਾ ਕੇ ਸਰਕਾਰ ਤੋਂ ਪਰਮਾਣ ਪੱਤਰ ਤੇ ਇਨਾਮ-ਕੁਨਾਮ ਵੀ ਪਰਾਪਤ ਕਰਦੇ ਸਨ। ਇਸ ਲਈ ਅੰਗ੍ਰੇਜ਼ੀ ਸਰਕਾਰ ਤੇ ਪੁਲਸ ਹਮੇਸ਼ਾਂ ਮਹੰਤਾਂ ਦਾ ਸਾਥ ਦੇਂਦੀ ਸੀ ਜਿਸ ਤੋਂ ਸਿੱਖ ਬਹੁਤ ਔਖੇ ਸਨ।

ਸਾਰੇ ਖਾਲਸਾ ਪੰਥ ਨੂੰ ਇਹ ਅਨਭਵ ਹੋ ਰਿਹਾ ਸੀ ਕਿ ਮਹੰਤਾਂ ਤੋਂ ਗੁਰਦੁਆਰੇ ਵੀ ਸ਼ਹੀਦੀਆਂ ਦੇ ਕੇ ਹੀ ਮੁਕਤ ਕਰਵਾਣੇ ਪੈਣਗੇ। ਗੁਰਦੁਆਰਿਆਂ ਦੇ ਸੁਧਾਰ ਦਾ ਪਰਚਾਰ ਆਮ ਹੋ ਗਿਆ। ਪਿੰਡ-ਪਿੰਡ, ਸ਼ਹਿਰ-ਸ਼ਹਿਰ ਤੇ ਮੂੰਹੋਂ-ਮੂੰਹ ਮਹੰਤਾਂ, ਗੁਰਦੁਆਰਿਆਂ ਤੇ ਮਹੰਤਾਂ ਦੀ ਹਿਮਾਇਤੀ ਸਰਕਾਰ ਦੀ ਗੱਲ ਹੀ ਹੁੰਦੀ ਸੀ। ਥੋੜ੍ਹੇ ਦਿਨਾਂ ਵਿਚ ਹੀ ਇਹ ਪਰਚਾਰ 'ਗੁਰਦੁਆਰਾ ਸੁਧਾਰ ਲਹਿਰ' ਦਾ ਰੂਪ ਧਾਰ ਗਿਆ। ਪਿੰਡਾਂ ਦੇ ਗੁਰਦੁਆਰਿਆਂ 'ਚ ਰੋਜ਼-ਬ-ਰੋਜ਼ ਲੈਕਚਰ ਹੋਣ ਲੱਗੇ: ਸਿੱਖਾਂ, ਜਵਾਨਾਂ, ਬੁੱਢਿਆਂ, ਮਾਈਆਂ, ਬੀਬੀਆਂ ਤੇ ਬੱਚੀਆਂ ਵਿਚ ਜੋਸ਼ ਦੇ ਭਾਂਬੜ ਬਲ ਉੱਠੇ। ਇਹ ਲਹਿਰ ਜ਼ਿਲ੍ਹਾ ਸ਼ੇਖ਼ੂਪੁਰ ਵਿਚ ਸਿਖਰ 'ਤੇ ਪਹੁੰਚ ਗਈ ਜਿਸ ਦਾ ਮੋਢੀ ਤੇ ਨਾਇਕ ਜਥੇਦਾਰ ਕਰਤਾਰ ਸਿੰਘ ਝੱਬਰ ਸੀ ਅਤੇ ਮੂਲ ਸਿੰਘ ਗਰਮੂਲਾ, ਵਰਯਾਮ ਸਿੰਘ ਗਰਮੂਲਾ, ਸੁੱਚਾ ਸਿੰਘ ਜੈਦ ਚੱਕੀਆ, ਧਿਆਨ ਸਿੰਘ ਚੰਨਿਆਵਾਲੀਆ ਤੇ ਤੇਜਾ ਸਿੰਘ ਚੂਹੜਕਾਣੀਆਂ ਵੀ ਬੜੇ ਜੋਸ਼ੀਲੇ ਤੇ ਸੂਝ ਵਾਲੇ ਪਰਚਾਰਕ ਸਨ। ਕੇਹਰ ਸਿੰਘ ਦੇ ਪਿੰਡ ਡੱਲਾ ਚੰਦਾ ਸਿੰਘ ਨੰਬਰ ੮੫ ਦੇ ਗੁਆਂਢੀ ਪਿੰਡਾਂ ਦੇ ਸ਼ਹੀਦ ਲਛਮਣ ਸਿੰਘ ਧਾਰੋਵਾਲੀਆ

ਤੇ ਸ਼ਹੀਦ ਦਲੀਪ ਸਿੰਘ ਸਾਹੋਵਾਲੀਆ ਵੀ ਏਸੇ ਲਹਿਰ ਵਿਚ ਕੁਰਬਾਨ ਹੋ ਕੇ ਸਿੱਖ ਇਤਿਹਾਸ ਦੇ ਸਦੀਵੀ ਚਮਕਦੇ ਸੁਨਹਿਰੀ ਸਫ਼ੇ ਬਣੇ ਸਨ।

ਦਰਬਾਰਾ ਸਿੰਘ ਦੇ ਪਿੰਡ ਦੇ ਗੁਰਦੁਆਰੇ ਜਿਹੜੇ ਸਿੱਖ ਬੁਲਾਰੇ ਆਉਂਦੇ ਸਨ, ਉਹ ਜ਼ੋਰ ਦੇ-ਦੇ ਆਖਦੇ: "ਬੱਸ, ਖਾਲਸਾ ਜੀ ! ਹੁਣ ਸ਼ਹੀਦੀ ਦੇ ਦਿਨ ਨੇੜੇ ਆ ਰਹੇ ਹਨ। ਨਾ ਡੋਲਣ ਵਾਲੇ ਮਨ ਬਣਾ ਲਵੋ! ਤਿਆਰ ਰਹੋ ! ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ-ਅਸਥਾਨ ਨੂੰ ਮਹੰਤ ਤੋਂ ਮੁਕਤ ਕਰਵਾਉਣਾ ਹੈ। ਸ਼ਹੀਦੀਆਂ ਤੋਂ ਬਿਨਾਂ ਇਹ ਮੋਰਚਾ ਸਰ ਨਹੀਂ ਹੋਣਾ। ਸ਼ਹੀਦ ਹੀ ਕੌਮਾਂ ਦੀ ਜਾਨ ਤੇ ਅਣਖ-ਆਨ ਹੁੰਦੇ ਨੇ। ਸ਼ਹੀਦ ਕਦੀ ਨਹੀਂ ਮਰਦੇ। ਸ਼ਹੀਦ ਅਮਰ ਹੁੰਦੇ ਹਨ। ਸ਼ਹੀਦਾਂ ਨੂੰ ਦੁਨੀਆਂ ਜੁਗੋ-ਜੁਗ ਯਾਦ ਕਰਦੀ ਤੇ ਪੂਜਦੀ ਹੈ।"

ਦਰਬਾਰਾ ਸਿੰਘ ਪਿੰਡ ਦੇ ਸਾਰੇ ਮੁੰਡਿਆਂ ਤੋਂ ਸੋਹਣਾ ਤੇ ਤੰਦਰੁਸਤ ਸੀ। ਉਸ ਦੇ ਸਾਰੇ ਲੱਛਣ ਅਨੋਖੇ ਸਨ। ਉਸ ਦੇ ਅੰਦਰ ਕੋਈ ਜਮਾਂਦਰੂ ਰੱਬੀ, ਅਜੀਬ ਤੇ ਅਦੁੱਤੀ ਸੂਝ ਸੀ— ਉਮਰ ਦੇ ਸੱਤਾਂ-ਅੱਠਾਂ ਸਾਲਾਂ ਤੋਂ ਹਜ਼ਾਰਾਂ ਗੁਣਾਂ ਜ਼ਿਆਦਾ! ਉਹ ਜੋਸ਼ ਵਿਚ ਆਏ ਹੋਏ ਬੁਲਾਰਿਆਂ ਦੇ ਲੈਕਚਰ ਅੱਖਾਂ ਬੰਦ ਕਰ ਕੇ, ਸਮਾਧੀ ਲਾ ਕੇ, ਅਹਿੱਲ ਬਹਿ ਕੇ ਸੁਣਦਾ ਸੀ। ਕਦੀ-ਕਦੀ ਬੁਲਾਰਿਆਂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਦਾ ਸੀ। ਇਸ ਤਰ੍ਹਾਂ ਜਾਪਦਾ ਸੀ ਕਿ ਉਹ ਆਖੇ ਜਾ ਰਹੇ ਸ਼ਬਦਾਂ ਨੂੰ ਆਪਣੀ ਆਤਮਾ ਨਾਲ ਇੱਕ-ਮਿਕ ਕਰਦਾ ਸੀ। ਕਈ ਵਾਰ ਉਹ ਸੋਚਦਾ ਸੀ ਕਿ **"ਮੇਰਾ ਬਾਪੂ ਵੀ ਆਖਦਾ ਹੈ। ਇਹ ਸਾਰੇ ਵੀ ਆਖਦੇ ਨੇ, ਮੇਰੀ ਦਾਦੀ ਵੀ ਦੱਸਦੀ ਹੈ ਕਿ ਸ਼ਹੀਦ ਕਦੀ ਵੀ ਨਹੀਂ ਮਰਦੇ, ਉਹਨਾਂ ਦਾ ਨਾਂ ਜੁਗੋ-ਜੁਗ ਕਾਇਮ ਰਹਿੰਦਾ ਹੈ!"** ਫਿਰ ਉਹ ਸੋਚਦਾ ਸੀ, **"ਸਾਡੇ ਪਿੰਡ ਵਿਚ ਕਈ ਲੋਕ ਮਰੇ ਨੇ। ਮੇਰਾ ਦਾਦਾ ਵੀ ਮਰ ਗਿਆ ਹੈ। ਇਹ ਕਿੰਨੀ ਕਮਾਲ ਦੀ ਗੱਲ ਹੈ ਕਿ ਸ਼ਹੀਦ ਕਦੀ ਨਹੀਂ ਮਰਦੇ!"**

ਸੋਚਦਾ ਸੋਚਦਾ, ਦਰਬਾਰਾ ਸਿੰਘ ਕਈ ਵਾਰੀ ਬਾਪੂ ਨੂੰ ਪੁੱਛਦਾ: **"ਬਾਪੂ ਜੀ, ਮੇਰਾ ਦਿਲ ਤਾਂ ਸ਼ਹੀਦ ਹੋਣ ਨੂੰ ਕਰਦਾ ਏ। ਮੈਂ ਤਾਂ ਸ਼ਹੀਦ ਹੀ ਬਣਾਂਗਾ।"** ਇਹ ਗੱਲ ਹੀ ਉਹ ਆਪਣੀ ਦਾਦੀ ਨੂੰ ਆਖਦਾ ਸੀ ਤੇ ਆਪਣੇ ਨਾਲ ਖੇਡਣ ਵਾਲਿਆਂ ਦੋਸਤਾਂ ਨੂੰ ਵੀ। ਉਸ ਦਾ ਬਾਪੂ ਕੇਹਰ ਸਿੰਘ ਕਈ ਵਾਰ ਕਹਿੰਦਾ ਸੀ: "ਪੁੱਤਰ, ਸਮਾਂ ਤਾਂ ਆਉਣ ਦੇ! ਸਤਿਗੁਰ ਤੇਰੀ ਸੱਧਰ ਵੀ ਪੂਰੀ ਕਰੇਗਾ।"

ਉਹਨਾਂ ਦਿਨਾਂ ਵਿਚ ਸਾਰੀ ਸਿੱਖ ਕੌਮ ਵਿਚ ਸ੍ਰੀ ਨਨਕਾਣਾ ਸਾਹਿਬ ਦੇ

ਮਹੰਤ ਨਰਾਇਣ ਦਾਸ ਦਾ ਘਰ-ਘਰ ਜ਼ਿਕਰ ਹੁੰਦਾ ਸੀ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਦੁਆਰਾ ਜਨਮ-ਅਸਥਾਨ ਵਰਗੀ ਪਵਿੱਤਰ ਧਰਤੀ 'ਤੇ ਬੜੇ ਆਚਰਨਹੀਨ ਕੁਕਰਮ ਤੇ ਕੁਰੀਤੀਆਂ ਕਰ ਰਿਹਾ ਸੀ। ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੇ ਨਾਂ ੧੮,੦੦੦ ਏਕੜ ਉਪਜਾਊ ਜ਼ਮੀਨ ਸੀ। ਇਸ ਜ਼ਮੀਨ ਦੀ ਆਮਦਨੀ ਤੋਂ ਛੁੱਟ ਦੇਸ-ਪ੍ਰਦੇਸ ਤੋਂ ਸ਼ਰਧਾਲੂ ਯਾਤਰੀਆਂ ਦੇ ਚੜ੍ਹਾਵਿਆਂ ਦਾ ਵੀ ਕੋਈ ਅੰਤ ਨਹੀਂ ਸੀ। ਪਰ ਨ ਉਸ ਨੇ ਕੋਈ ਲੰਗਰ ਦਾ ਹੀ ਕੋਈ ਖ਼ਾਸ ਪ੍ਰਬੰਧ ਕੀਤਾ ਹੋਇਆ ਸੀ ਤੇ ਨਾ ਹੀ ਆਏ-ਗਏ ਦੀ ਸੇਵਾ, ਸੰਭਾਲ ਦਾ। ਸਾਰੀ ਆਮਦਨੀ ਉਸ ਦੀ ਆਪਣੀ ਐਸ਼-ਇਸ਼ਰਤ, ਵਿਭਚਾਰੀ, ਸ਼ਰਾਬ-ਕਬਾਬ ਤੇ ਪਾਲਤੂ ਗੁੰਡੇ ਹੀ ਉਡਾਂਦੇ ਸਨ ਜਿਨ੍ਹਾਂ ਦੇ ਬਲ ਬੋਤੇ ਕਾਰਨ ਇਸ ਨੂੰ ਕੋਈ ਵੀ ਮੱਤ-ਬੁੱਧ ਦੇਣ ਦਾ ਹੌਂਸਲਾ ਨਹੀਂ ਸੀ ਕਰਦਾ ਅਤੇ ਉਸ ਦਾ ਸਰਕਾਰ-ਦਰਬਾਰ ਵਿਚ ਮੁਖ਼ਬਰ ਤੇ ਟੋਡੀ ਹੋਣ ਦੇ ਕਾਰਨ ਬੜਾ ਦਬਦਬਾ ਸੀ। ਹਕੂਮਤਾਂ ਆਮ ਤੌਰ 'ਤੇ ਸੰਤਾਂ-ਮਹੰਤਾਂ ਦੇ ਡੇਰਿਆਂ ਨੂੰ ਵਰਤਦੀਆਂ ਹਨ ਅਤੇ ਨਾਰਾਇਨ ਦਾਸ ਜਿਸ ਨੂੰ ਸਿੱਖ ਉਸ ਦੀਆਂ ਕਾਲੀਆਂ ਕਰਤੂਤਾਂ ਦੀ ਵਜ੍ਹਾ ਤੋਂ ਨਰੈਣੂੰ ਆਖਦੇ ਸਨ ਸਰਕਾਰ ਦੇ ਝੋਲੀ ਚੁਕਾਂ 'ਚੋਂ ਸਿਰਕੱਢਵਾਂ ਸੀ।

ਸਿੱਖਾਂ ਨੇ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਸਰਗਰਮ ਪਰਚਾਰ ਤੇ ਕਮਾਲ ਦੀ ਦਲੇਰੀ ਤੋਂ ਉਤਸ਼ਾਹਤ ਹੋ ਕੇ ਸ੍ਰੀ ਨਨਕਾਣਾ ਸਾਹਿਬ ਦੇ ਪਰਮੁੱਖ ਗੁਰਦੁਆਰੇ ਜਨਮ-ਅਸਥਾਨ ਤੇ ਹੋਰ ਗੁਰਦੁਆਰਿਆਂ ਨੂੰ ਮਹੰਤਾਂ ਦੇ ਪੰਜੇ 'ਚੋਂ ਛੁਡਾਨ ਦਾ ਪੱਕਾ ਇਰਾਦਾ ਕਰ ਲਿਆ ਸੀ । ਇਸ ਕੰਮ ਲਈ ਜ਼ਿਲ੍ਹਾ ਸ਼ੇਖ਼ੂਪਰਾ ਦੇ ਵਿਰਕ ਜੋ ਝੱਬਰ ਦੀ ਬਿਰਾਦਰੀ ਤੇ ਜ਼ਿਲ੍ਹਾ ਲਾਇਲਪੁਰ ਦੇ ਸਿੱਖ ਖ਼ਾਸ ਜੋਸ਼ ਵਿਚ ਸਨ ਤੇ ਜਥੇਬੰਦ ਹੋ ਕੇ ਇਸ ਮੁਹਿੰਮ ਨੂੰ ਸਰ ਕਰਨ ਦੀਆਂ ਵਿਉਂਤਾਂ ਵਲੀਆਂ ਜਾ ਰਹੀਆਂ ਸਨ। ਕੇਹਰ ਸਿੰਘ ਦੇ ਪਿੰਡ ਦੇ ਨੇੜੇ ਦੇ ਪਿੰਡ ਧਾਰੋਵਾਲੀ ਦਾ ਜਥੇਦਾਰ ਲਛਮਣ ਸਿੰਘ ਇਸ ਇਤਿਹਾਸਕ ਕਾਰਨਾਮੇ ਦੀ ਜਥੇਬੰਦੀ ਦੇ ਮੋਹਰੀਆਂ ਵਿਚੋਂ ਸੀ। ਵੈਸੇ ਇਸ ਕੰਮ ਬਾਰੇ ਆਏ ਦਿਨ ਦੀਵਾਨ ਸਜਾਏ ਜਾਂਦੇ ਸਨ ਤੇ ਲੈਕਚਰ ਹੁੰਦੇ ਹੀ ਰਹਿੰਦੇ ਸਨ। ਹੁਣ ਤਾਂ ਬੱਸ ਪਲੀਤੇ ਨੂੰ ਅੱਗ ਲਾਣ ਵਾਲੀ ਗੱਲ ਹੀ ਬਾਕੀ ਸੀ।

ਜਥੇਦਾਰ ਕਰਤਾਰ ਸਿੰਘ ਝੱਬਰ ਨੇ ਗੁਰਦੁਆਰਾ ਸੁਧਾਰ ਦੀ ਪੰਥਕ ਮੁਹਿੰਮ ਸ਼ੁਰੂ ਕਰ ਦਿੱਤੀ ਅਤੇ ਉਹ ਜੱਥਾ ਲੈ ਕੇ ਸਿਆਲਕੋਟ ਪੁੱਜਾ ਜਿਥੇ ਗੁਰਦੁਆਰਾ ਬਾਬੇ ਦੀ ਬੇਰ 'ਤੇ ੫ ਅਕਤੂਬਰ, ੧੯੨੦ ਨੂੰ ਪੰਥ ਨੇ ਕਬਜ਼ਾ ਕਰ ਲਿਆ। ਸਿੱਖ ਇਤਿਹਾਸ ਵਿਚ ਗੁਰਦੁਆਰਾ ਸੁਧਾਰ ਦੀ ਮੁਹਿੰਮ ਦੀ ਫ਼ਤਿਹ

ਜਾਂ ਕਾਮਯਾਬੀ ਦੀ ਇਹ ਬੋਹਣੀ ਸੀ। ਬੇਅੰਤ ਗੁਰਦੁਆਰੇ ਪਿਸ਼ੌਰ ਤੋਂ ਲੈ ਕੇ ਦਿੱਲੀ ਤੱਕ, ਪੰਥਕ ਕਬਜ਼ੇ ਹੇਠ ਲਿਆਉਣੇ ਸਨ ਪਰ ਸ੍ਰੀ ਨਨਕਾਣਾ ਸਾਹਿਬ ਦੇ ਗੁਰਦੁਆਰਾ ਜਨਮ-ਅਸਥਾਨ ਨੂੰ ਖਾਲਸਾ ਪੰਥ ਦੇ ਕਬਜ਼ੇ ਹੇਠ ਲਿਆ ਕੇ ਇਸ ਦੇ ਪ੍ਰਬੰਧ ਨੂੰ ਸੁਧਾਰਨਾ, ਸਿੱਖਾਂ ਦੇ ਮਨਾਂ ਵਿਚ ਖਲਬਲੀ ਮਚਾਈ ਬੈਠਾ ਸੀ।

ਮਿਥੀ ਵਿਉਂਤ ਅਨੁਸਾਰ ਜਥੇਦਾਰ ਪਿੰਡ-ਪਿੰਡ ਜਾ ਕੇ ਦੀਵਾਨ ਸਜਾ ਕੇ ਸ਼ਹੀਦੀ ਜਥਿਆਂ ਵਿਚ ਆਪਣੀ ਖੁਸ਼ੀ ਨਾਲ ਹੱਸ-ਹੱਸ ਕੇ ਜਾਨ ਕੁਰਬਾਨ ਕਰਨ ਵਾਲਿਆਂ ਦੇ ਨਾਵਾਂ ਦੀਆਂ ਫ਼ਹਿਰਿਸਤਾਂ ਤਿਆਰ ਕਰਦੇ। ਇਕ ਦੋ ਨਾਂ ਲਿਖ ਕੇ ਜੈਕਾਰਾ ਛੱਡਣ ਨਾਲ ਗਲ ਵਿਚ ਪੱਲਾ ਪਾ ਕੇ ਤੇ ਹੱਥ ਜੋੜ ਕੇ ਦਸ ਹੋਰ ਉਠ ਕੇ ਕੇਸਗੜ੍ਹ ਦੇ ਪੰਜਾਂ ਪਿਆਰਿਆਂ ਵਾਂਗੂੰ ਆਪਣਾ ਸਿਰ ਵਾਰਨ ਲਈ ਆਪਣੇ ਨਾਂ ਲਿਖਵਾ ਦਿੰਦੇ। ਕੇਹਰ ਸਿੰਘ ਵੀ ਇਸੇ ਤਰ੍ਹਾਂ ਜਾ ਕੇ ਆਲੇ-ਦੁਆਲੇ ਦੇ ਪਿੰਡਾਂ ਵਿਚ ਪਰਚਾਰ ਕਰਦਾ ਸੀ। ਇਕ ਦਿਨ ਜਥੇਦਾਰ ਲਛਮਣ ਸਿੰਘ ਤੇ ਦਲੀਪ ਸਿੰਘ ਕੁਝ ਸਿੰਘਾਂ ਨਾਲ ਕੇਹਰ ਸਿੰਘ ਦੇ ਪਿੰਡ ਆਏ। ਦੀਵਾਨ ਵਿਚ ਸਭ ਤੋਂ ਪਹਿਲੋਂ ਕੇਹਰ ਸਿੰਘ ਨੇ ਸ਼ਹੀਦ ਹੋਣ ਲਈ ਆਪਣਾ ਨਾਂ ਲਿਖਵਾਇਆ ਤੇ ਫਿਰ ਕੁਝ ਹੋਰ ਸਿੰਘਾਂ ਨੇ। ਦਰਬਾਰਾ ਸਿੰਘ ਆਪਣੇ ਬਾਪੂ ਹਵਾਲਦਾਰ ਕੇਹਰ ਸਿੰਘ ਦੇ ਗੋਡੇ-ਮੁੱਢ ਬੈਠਾ, ਦੀਵਾਨ ਵਿਚ ਹਾਜ਼ਰ ਸੀ। ਉਸ ਦਾ ਦਿਲ ਜੋਸ਼ ਵਿਚ ਉਛਾਲੇ ਮਾਰ ਰਿਹਾ ਸੀ। ਉਹ ਆਪਣੇ ਬਾਪੂ ਦੇ ਗੋਡੇ 'ਤੇ ਸਿਰ ਰੱਖ ਕੇ ਅਰਕਾਂ ਮਾਰਦਾ, ਹੌਲੀ-ਹੌਲੀ ਆਖਦਾ ਰਿਹਾ: ***'ਬਾਪੂ ਜੀ, ਮੇਰਾ ਨਾਂ ਵੀ ਸ਼ਹੀਦੀ ਜਥੇ ਵਿਚ ਲਿਆਵੋ'*** ਪਰ ਮਜ਼ਬੂਰੀ ਸੀ, ਮਸਾਂ ੯ ਸਾਲ ਦੇ ਬੱਚੇ ਦਾ ਨਾਂ ਸ਼ਹੀਦੀ ਜਥੇ ਵਿਚ ਜਥੇਦਾਰ ਨੇ ਲਿਖਣਾ ਹੀ ਨਹੀਂ ਸੀ।

ਪਰਚਾਰਕ ਸ਼ਹੀਦੀ ਜਥੇ ਵਿਚ ਸ਼ਾਮਲ ਹੋਣ ਵਾਲਿਆਂ ਦੇ ਨਾਂ ਲਿਖ ਕੇ ਅਗਲੇ ਪਿੰਡ ਚਲੇ ਗਏ ਪਰ ਉਸੇ ਵਕਤ ਤੋਂ ਦਰਬਾਰਾ ਸਿੰਘ ਨੇ ਸਿੱਡਾ ਬੰਨ੍ਹ ਲਿਆ ਤੇ ਰਟ ਲਾਣੀ ਸ਼ੁਰੂ ਕਰ ਦਿੱਤੀ: ***"ਮੈਂ ਵੀ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ! ਮੈਂ ਮਰਨਾ ਤੇ ਹੈ ਹੀ ਨਹੀਂ! ਸ਼ਹੀਦ ਮਰਦੇ ਨਹੀਂ!"*** ਉਸ ਦੇ ਮਨ ਵਿਚ ਧੁਨ ਸਮਾ ਗਈ। ਉਹ ਦਾਦੀ ਨੂੰ ਵੀ ਬਾਰ-ਬਾਰ ਆਖਦਾ: ***"ਮਾਤਾ ਜੀ, ਮੈਂ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ।"*** ਕਈ ਵਾਰੀ ਸੁੱਤਿਆਂ-ਸੁੱਤਿਆਂ ਵੀ ਇਹ ਕੁਝ ਹੀ ਆਖਦਾ ਸੁਣਾਈ ਦੇਂਦਾ। ਜੇ ਦਰਬਾਰਾ ਸਿੰਘ ਨੂੰ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫ਼ਤਹ ਸਿੰਘ ਦੇ ਇਰਾਦੇ, ਸ਼ਰਧਾ ਤੇ ਜੋਸ਼ ਦੀ ਪੁਠ ਚੜ੍ਹੀ ਹੋਈ ਸੀ ਤਾਂ ਮਾਤਾ ਹਰਨਾਮ ਕੌਰ, ਦਰਬਾਰੇ ਦੀ ਦਾਦੀ ਨੂੰ ਵੀ ਮਾਤਾ ਗੁਜਰੀ ਦੀ ਕੁਰਬਾਨੀ ਦਾ ਚਾਨਣ-ਮੁਨਾਰਾ ਪਰਤੱਖ ਨਜ਼ਰ ਆਉਂਦਾ ਸੀ ਤੇ ਉਸ ਦੀ

ਰੂਹ ਨੂੰ ਨੂਰੋ-ਨੂਰ ਕਰਦਾ ਸੀ। ਇਸ ਲਈ ਇਸ ਪਿਆਰੇ ਪੋਤਰੇ ਨੂੰ ਆਖਦੀ: "ਪੁੱਤਰ ਸਮਾਂ ਤੇ ਆਉਣ ਦੇ, ਤੇਰੇ ਵਰਗੇ ਬੱਚੇ ਉੱਚੇ ਭਾਗਾਂ ਵਾਲਿਆਂ ਦੇ ਘਰ ਜੰਮਦੇ ਨੇ; ਸਤਿਗੁਰੂ ਦਾ ਲੱਖ ਲੱਖ ਸ਼ੁਕਰ ਹੈ ! **ਧੰਨ ਨੇ ਉਹ ਜੋ ਗੁਰੂ ਦੇ ਲੇਖੇ ਲਗਦੇ ਨੇ!**" ਇਸ ਤਰ੍ਹਾਂ ਉਹ ਪੋਤਰੇ ਦਾ ਸਿਖਰਾਂ ਦਾ ਹੌਂਸਲਾ ਵਧਾਂਦੀ ਸੀ, ਘਟਾਂਦੀ ਨਹੀਂ ਸੀ— ਸੱਚ, ਧੰਨ ਸੀ ਦਾਦੀ ਹਰਨਾਮ ਕੌਰ ਜਿਸ ਨੇ ਦਰਬਾਰਾ ਸਿੰਘ ਵਰਗਾ ਉਹ ਪੋਤਰਾ ਮਾਂ ਬਣ ਕੇ ਪਾਲਿਆ ਸੀ ਜਿਸ ਦੀ ਜਨਮ ਦੇਣ ਵਾਲੀ ਮਾਂ ਬੀਬੀ ਰਤਨ ਕੌਰ ਆਪਣਾ ੨੧ ਦਿਨਾਂ ਦਾ ਬੱਚਾ ਛੱਡ ਕੇ ਪਰਲੋਕ ਸਿਧਾਰ ਗਈ ਸੀ। ਹੁਣ ਤਾਂ ਸੁਖ ਨਾਲ ਦਰਬਾਰਾ ਸਿੰਘ ਨੌਵਾਂ ਸਾਲਾਂ ਦਾ ਹੋ ਚੁੱਕਾ ਸੀ ਪਰ ਜਾਪਦਾ ਇਸ ਤਰ੍ਹਾਂ ਸੀ ਜਿਵੇਂ ੧੩-੧੪ ਸਾਲ ਦਾ ਹੋਵੇ !

ਸਿਆਲ ਦੇ ਦਿਨ ਸਨ। ਫਰਵਰੀ, ੧੯੨੧ ਦਾ ਮਹੀਨਾ ਸੀ। ਕਈ ਲੋਕ ਅਜੇ ਕਮਾਦ ਪੀੜ ਕੇ ਗੁੜ ਤੇ ਸ਼ੱਕਰ ਬਣਾ ਰਹੇ ਸਨ। ਪਿੰਡਾਂ ਦੀਆਂ ਪੈਲੀਆਂ 'ਚੋਂ ਨਵੇਂ ਬਣ ਰਹੇ ਗੁੜ ਦੀ ਖੁਸ਼ਬੂ ਹਰ ਰਾਹੀ ਪਾਂਧੀ ਨੂੰ ਤੱਤਾ ਗੁੜ ਖਾਣ ਲਈ ਸੱਦਾ ਦੇਂਦੀ ਸੀ। ਕਣਕਾਂ ਦੀਆਂ ਨਾਲੀਆਂ ਨਿਕਲ ਕੇ ਸਿੱਟੇ ਬਣ ਰਹੇ ਸਨ। ਸਰਵਾਂ ਪੱਕ ਚੁਕੀਆਂ ਸਨ। ਕਪਾਹੀਂ ਚੁਗੀਆਂ ਜਾ ਚੁੱਕੀਆਂ ਸਨ ਤੇ ਕਈ ਅਜੇ ਪੈਲੀਆਂ 'ਚੋਂ ਖਲੋਤੀਆਂ, ਵਢੀਚ ਕੇ ਮਨਛਿੱਟੀ ਬਣ ਕੇ ਘਰਾਂ ਦੇ ਚੁਲ੍ਹਿਆਂ ਤੇ ਤੰਦੂਰ ਵਿਚ ਬਲਣ ਲਈ ਉਡੀਕ ਰਹੀਆਂ ਸਨ ਤੇ ਦੂਜੇ ਪਾਸੇ ਸਿੱਖ ਕੌਮ ਦਾ ਜੋਸ਼ ਵੀ ਗੁਰੂ ਨਾਨਕ ਸਾਹਿਬ ਦੇ ਗੁਰਦੁਆਰੇ ਜਨਮ-ਅਸਥਾਨ 'ਤੇ ਕਾਬਜ਼ ਮਹੰਤ ਨਰਾਇਣ ਦਾਸ ਦੀਆਂ ਸਿੱਖਾਂ ਵਿਰੁੱਧ, ਮਨੁੱਖਤਾ-ਮਾਰੂ ਤੇ ਬਦ ਤੋਂ ਬਦ ਹਰਕਤਾਂ ਵਿਰੁੱਧ ਤੰਦੂਰ ਵਾਂਗੂੰ ਹੀ ਬਲ ਰਿਹਾ ਸੀ। ਆਖ਼ਰ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਹੋਰ ਜਥੇਦਾਰਾਂ ਨਾਲ ਮਤਾ ਪਕਾ ਕੇ ਸ੍ਰੀ ਨਨਕਾਣਾ ਸਾਹਿਬ ਜਥੇ ਲਿਜਾਣ ਦੀ ਪੂਰੀ ਘਾੜਤ ਘੜ ਲਈ। ਇਸ ਸਾਰੀ ਵਿਉਂਤ ਦਾ ਕੇਂਦਰ ਗੁਰਦੁਆਰਾ ਸੱਚਾ ਸੌਦਾ ਸੀ।

ਅੰਤ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਜਥੇਦਾਰ ਲਛਮਣ ਸਿੰਘ ਨੇ ਫ਼ੈਸਲਾ ਕਰ ਲਿਆ ਕਿ ਫ਼ਲਾਣੇ ਦਿਨ ਪਿੰਡਾਂ 'ਚੋਂ ਜਥੇ ਚਾਲੇ ਪਾ ਕੇ, ਪਿੰਡੋ ਪਿੰਡੀ ਹੁੰਦੇ ਤੇ ਹਰ ਪਿੰਡੋਂ ਹੋਰ ਸਾਥੀ ਨਾਲ ਲੈ ਕੇ ਵੱਡੀ ਨਹਿਰ ਗੋਗੇਰਾ ਬਰਾਂਚ ਦੀ ਚੰਦਰਕੋਟ ਦੀ ਝਾਲ 'ਤੇ ਇਕੱਠੇ ਹੋਣਗੇ। ਕਰਤਾਰ ਸਿੰਘ ਝੱਬਰ ਤੇ ਜਥੇਦਾਰ ਲਛਮਣ ਸਿੰਘ ਦੇ ਸਮੁੱਚੇ ਜਥਿਆਂ ਦੇ ਇਕੱਠਾ ਹੋ ਕੇ ਸ੍ਰੀ ਨਨਕਾਣਾ ਸਾਹਿਬ ਪੁੱਜਣ ਦੀ ਇਹ ਝਾਲ ਹੀ ਇਕੋ ਥਾਂ ਮਿਥੀ ਗਈ। ਇਕ ਦਿਨ ਸਵੇਰੇ ਧਾਰੋਵਾਲੀ ਵਾਲਾ ਭਾਈ ਮੰਗਲ ਸਿੰਘ ਕਿਰਪਾਨ ਬਹਾਦਰ ਹਵਾਲਦਾਰ ਕੇਹਰ

ਸਿੰਘ ਦੇ ਪਿੰਡ ਜਥੇਦਾਰ ਲਛਮਣ ਸਿੰਘ ਦਾ ਸੁਨੇਹਾ ਲੈ ਕੇ ਪੁੱਜਾ ਕਿ ਉਹ ਫ਼ੌਰਨ ਆਪਣੇ ਪਿੰਡ ਦਾ ਜੱਥਾ ਲੈ ਕੇ ਪਿੰਡੋਂ ਪਿੰਡ ਹੁੰਦਾ ਹੋਇਆ, ਮਿਥੇ ਸਮੇਂ 'ਤੇ ਝੱਬਰ ਦੇ ਜਥੇ ਨਾਲ ਮਿਲਣ ਲਈ ਚੰਦਰਕੋਟ ਦੀ ਝਾਲ 'ਤੇ ਪਹੁੰਚ ਜਾਣ। ਬੱਸ, ਹੁਕਮ ਮਿਲਣ ਸਾਰ ਹੀ, ਕੇਹਰ ਸਿੰਘ ਨੂੰ ਚਾਅ ਚੜ੍ਹ ਗਿਆ। ਘਰ ਜਾ ਕੇ ਮਾਤਾ ਹਰਨਾਮ ਕੌਰ ਦੇ ਚਰਨਾਂ 'ਤੇ ਸੀਸ ਝੁਕਾਇਆ ਤੇ ਵਾਹਿਗੁਰੂ ਦਾ ਨਾਮ ਲੈ ਕੇ ਕਪੜੇ ਬਦਲ ਕੇ ਤੇ ਪੱਗ ਬੰਨ੍ਹ ਕੇ ਤਿਆਰ ਹੋਣ ਲੱਗ ਪਿਆ। ਦਰਬਾਰਾ ਸਿੰਘ ਘਰ ਹੀ ਸੀ। ਪਿਉ ਦੇ ਚੇਹਰੇ 'ਤੇ ਲਾਲੀਆਂ ਚੜ੍ਹਦੀਆਂ ਵੇਖ, ਦਰਬਾਰਾ ਸਿੰਘ 'ਤੇ ਇਕ ਅਨੋਖਾ ਪਰਭਾਵ ਪੈ ਰਿਹਾ ਸੀ। ਗੱਲ ਦਾ ਤਾਂ ਉਸ ਨੂੰ ਪਤਾ ਲੱਗ ਹੀ ਚੁੱਕਾ ਸੀ। ਕੇਹਰ ਸਿੰਘ ਨੇ ਆਪਣੇ ਭਰਾਵਾਂ ਤੇ ਭਰਜਾਈਆਂ ਨੂੰ ਆਖਰੀ ਫਤਹਿ ਬੁਲਾਈ ਤੇ ਇਕ ਵਾਰੀ ਫਿਰ ਆਪਣੀ ਮਾਤਾ ਨੂੰ ਮੱਥਾ ਟੇਕ ਕੇ ਬੋਲਿਆ: ***"ਪਿਆਰੀ ਤੇ ਸਤਿਕਾਰ ਯੋਗ ਮਾਤਾ ਜੀਓ, ਸੰਦੇਸ਼ ਆ ਗਿਆ ਹੈ। ਮੈਂ ਗੁਰੂ ਦੇ ਲੇਖੇ ਲੱਗਣ ਜਾ ਰਿਹਾ ਹਾਂ। ਮੇਰਾ ਬੋਲਿਆ-ਚਾਲਿਆ ਤੇ ਹੋਰ ਹਰ ਕੋਈ ਭੁੱਲ ਮਾਫ਼ ਕਰ ਦੇਣੀ!"***

ਦਰਬਾਰਾ ਸਿੰਘ ਇਹ ਸਭ ਕੁਝ ਵੇਖ ਰਿਹਾ ਸੀ। ਉਸ ਦੇ ਸਬਰ ਦਾ ਪਿਆਲਾ ਭਰਿਆ ਜਾ ਚੁੱਕਾ ਸੀ। ਉਹ ਇਕ ਪਲ ਵੀ ਹੋਰ ਚੁੱਪ ਨਹੀਂ ਸੀ ਰਹਿ ਸਕਦਾ। ਕੇਹਰ ਸਿੰਘ ਆਪਣੇ ਇਕਲੌਤੇ, ਲਾਡਾਂ ਤੇ ਸੁਖਨਾ ਸੁਖ ਸੁਖ ਕੇ ਪਾਲੇ ਹੋਏ ਪੁੱਤਰ ਦਾ ਮੂੰਹ-ਮੱਥਾ ਚੁੰਮ ਤੇ ਘੁੱਟ ਕੇ ਹਿੱਕ ਨਾਲ ਲਾ ਕੇ ਤੁਰਨ ਹੀ ਵਾਲਾ ਸੀ ਕਿ ਇਕ ਦਮ ਚੁੰਘੀ ਮਾਰ ਕੇ ਦਰਬਾਰਾ ਸਿੰਘ ਆਪਣੇ ਪਿਉ ਦੇ ਗਲ ਨਾਲ ਘੁੱਟ ਕੇ ਗਲਵਕੜੀ ਪਾ ਕੇ ਚੰਬੜ ਗਿਆ। ਸਮਝੋ ਸ਼ੇਰ ਦੇ ਨਿੱਕੇ ਜਿਹੇ ਬੱਚੇ ਨੇ ਸ਼ੇਰ ਨੂੰ ਨਰੜ ਕੇ ਕਾਬੂ ਕਰ ਲਿਆ ਤੇ ਕੇਹਰ ਸਿੰਘ ਨੂੰ ਇਸ ਤਰ੍ਹਾਂ ਜਾਪਣ ਲੱਗਾ ਜਿਵੇਂ ਇਹ ਬਲੀ ਬੱਚਾ ਉਸ ਨੂੰ ਖਿੱਚ ਕੇ ਧਰਤੀ ਨਾਲ ਲਾ ਦੇਵੇ ਗਾ। ਦਰਬਾਰਾ ਸਿੰਘ ਨੇ ਆਪਣੇ ਪਿਉ ਦੀਆਂ ਅੱਖਾਂ ਵਿਚ ਟਿਕਟਿਕੀ ਲਾ ਕੇ ਵੇਖਿਆ ਤੇ ਆਖਿਆ: ***"ਬਾਪੂ, ਤੁਸਾਂ ਕਹਿਆ ਸੀ ਠੀਕ ਸਮਾਂ ਤਾਂ ਆਣ ਦੇ ! ਅੱਜ ਸਮਾਂ ਆ ਗਿਆ ਹੈ। ਮੈਂ ਤੁਹਾਡੇ ਨਾਲ ਹੀ ਜਾਵਾਂਗਾ ਤੇ ਬਾਪੂ ਤੇਰੇ ਨਾਲ ਹੀ ਸ਼ਹੀਦ ਹੋਵਾਂਗਾ।"*** ਦਰਬਾਰਾ ਸਿੰਘ ਇਹ ਸ਼ਬਦ ਕਹਿ ਕੇ ਪਿਉ ਦਾ ਵਾਅਦਾ ਦੋਹਰਾਈ ਜਾਂਦਾ ਸੀ ਤੇ ਪਿਉ ਦੇ ਗਲ ਦੁਆਲੇ ਪਾਇਆ ਹੋਇਆ ਉਸ ਦਾ ਜੱਫਾ ਤਾਂ ਕਿਸੇ ਤੋਂ ਛੁਟ ਹੀ ਨਹੀਂ ਸੀ ਰਿਹਾ।

ਹਵਾਲਦਾਰ ਕੇਹਰ ਸਿੰਘ ਨੇ ਆਤਮਕ ਅਨੁਭਵ ਰਾਹੀਂ ਕਰਤਾਰ ਦੇ ਹੁਕਮ ਨੂੰ ਸਮਝਿਆ ਕਿ ਦਰਬਾਰਾ ਸਿੰਘ ਗੁਰੂ ਲੇਖੇ ਲੱਗਣ ਲਈ ਉਸ ਤੋਂ

ਅੱਗੇ ਤੇ ਉੱਚਾ ਪਹੁੰਚ ਚੁੱਕਾ ਹੈ। ਉਸ ਅਨੁਭਵ ਕੀਤਾ ਕਿ ਕਿਸੇ ਕੀਤੇ ਜਨਮ ਦੇ ਕਿਸੇ ਸੰਸਕਾਰ ਦਾ ਸੰਕਲਪ ਇਸ ਜਨਮ ਵਿਚ ਪਿਉ-ਪੁੱਤਰ ਦਾ ਇਕੱਠਾ ਹੀ ਪੂਰਾ ਹੋ ਰਿਹਾ ਹੈ। ਉਸ ਰੱਬੀ ਹੁਕਮ ਦੇ ਵਾਤਾਵਰਨ ਵਿਚ ਪਿਉ, ਦਾਦੀ ਤੇ ਚਾਚੇ-ਚਾਚੀਆਂ ਇਕ ਸ਼ਬਦ ਵੀ ਨ ਬੋਲ ਸਕੇ— ਸਿਰਫ਼ ਦਰਬਾਰਾ ਸਿੰਘ ਹੀ ਵਾਰ-ਵਾਰ ਅਹਿੱਲ ਤੇ ਅਡੋਲ ਇਰਾਦੇ ਨਾਲ ਕਹੀ ਜਾਂਦਾ ਸੀ : ***"ਬਾਪੂ, ਮੈਂ ਤੇਰੇ ਨਾਲ ਹੀ ਸ਼ਹੀਦ ਹੋਵਾਂਗਾ, ਮੈਂ ਤੇਰੇ ਨਾਲ ਹੀ ਜਾਵਾਂਗਾ।"***

ਕੇਹਰ ਸਿੰਘ ਨੇ ਇਕਾਗਰ ਹੋ ਕੇ ਅੱਖਾਂ ਬੰਦ ਕੀਤੀਆਂ ਤੇ ਫਿਰ ਖੋਲ੍ਹ ਕੇ ਦੁਬਾਰਾ ਦਰਬਾਰਾ ਸਿੰਘ ਦੇ ਸੋਹਣੇ ਭਖ ਰਹੇ ਚੇਹਰੇ ਨੂੰ ਵੇਖਿਆ ਤੇ ਫਿਰ ਲਾਟਾਂ ਵਾਂਗੂੰ ਜਗਮਗ ਰਹੀਆਂ ਅੱਖਾਂ ਵਿੱਚ। ਇਸ ਤਰ੍ਹਾਂ ਜਾਪਿਆ ਜਿਵੇਂ ਉਸ ਨੇ ਕੋਈ ਅਲਾਹੀ ਸੁਨੇਹਾ, ਕੋਈ ਰੱਬੀ ਰਜ਼ਾ, ਕੋਈ ਕਰਤੇ ਦਾ ਆ ਰਿਹਾ ਕਾਰਨਾਮਾ ਜਾਂ ਭਵਿੱਖ ਦੀ ਤਖ਼ਤੀ 'ਤੇ ਮੋਟੇ-ਮੋਟੇ, ਸੋਹਣੇ ਤੇ ਸਪੱਸ਼ਟ ਅੱਖਰਾਂ ਵਿਚ ਲਿਖਿਆ ਹੋਇਆ, ਗੁਪਤ-ਗਿਆਨ ਦਾ ਪੈਗ਼ਾਮ ਪੜ੍ਹ ਲਿਆ ਹੈ। ਧੀਰਜ ਨਾਲ ਬੋਲਿਆ: *"ਪਿਆਰੇ ਪੁੱਤਰ ਦਰਬਾਰਾ ਸਿੰਘ! ਜੱਫਾ ਛੱਡ ਕੇ, ਝੱਟ ਪੱਟ ਤਿਆਰ ਹੋ ਜਾ ! ਚੱਲ ਦੋਵੇਂ ਪਿਉ-ਪੁੱਤਰ ਇਕੱਠੇ ਹੀ ਚੱਲੀਏ !* ***ਜੇ ਤੂੰ ਆਪਣੇ ਇਰਾਦੇ ਤੋਂ ਨਹੀਂ ਟਲਦਾ ਤਾਂ ਮੈਂ ਆਪਣਾ ਵਾਅਦਾ ਕਿਉਂ ਤੋੜਾਂ?"***

ਦਰਬਾਰਾ ਸਿੰਘ ਕਪੜੇ ਬਦਲ ਕੇ, ਬਹੁਤ ਸੁੰਦਰ ਪੱਗ ਬੰਨ੍ਹ ਕੇ ਫਟਾ-ਫਟ ਤਿਆਰ ਹੋ ਗਿਆ— ਬਿਲਕੁਲ ਉਵੇਂ ਜਿਵੇਂ ਉਸ ਦੀ ਉਮਰ ਦੇ ਬੱਚੇ ਜ਼ਿਦ ਕਰ ਕੇ ਕਿਸੇ ਬਰਾਤ ਨਾਲ ਜਾਂਦੇ ਹਨ। ਮਾਤਾ ਹਰਨਾਮ ਕੌਰ ਨੇ ਪੁੱਤਰ ਨੂੰ ਉਸੇ ਤਰ੍ਹਾਂ ਟੋਰਿਆ ਜਿਵੇਂ ਮਾਤਾ ਗੁਜਰੀ ਨੇ ਆਪਣੇ ਪੋਤੇ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਠੰਡੇ ਬੁਰਜ 'ਚੋਂ ਨਵਾਬ ਵਜ਼ੀਰ ਖਾਂ, ਸੂਬਾ ਸਰਹੰਦ ਦੀ ਕਚਹਿਰੀ ਵੱਲ ਟੋਰੇ ਸਨ। ਚਾਚੇ-ਚਾਚੀਆਂ ਨੇ ਵੀ ਦਰਬਾਰੇ ਨੂੰ ਘੁੱਟ ਕੇ ਕਲੇਜੇ ਨਾਲ ਲਾਇਆ। ਕੇਹਰ ਸਿੰਘ ਨੇ ਸੰਖੇਪ ਜਿਹੀ ਅਰਦਾਸ ਕੀਤੀ ਤੇ ਦੋਵੇਂ ਪਿਉ ਪੁੱਤਰ ਘਰੋਂ ਬਾਹਰ ਨਿਕਲੇ। ਪਿੰਡ ਦੇ ਹੋਰ ਜਾਣ ਵਾਲੇ ਸਿੱਖ ਵੀ ਨਾਲ ਰਲ ਗਏ ਤੇ ਪਿੰਡ ਦੇ ਲੋਕ ਕੁਝ ਦੂਰ ਉਹਨਾਂ ਨੂੰ ਵਿਦਿਆ ਕਰਨ ਨਾਲ ਗਏ ਤੇ ਸਾਰਿਆਂ ਨੂੰ: *"ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ"* ਦਾ ਜਵਾਬ ਫ਼ਤਹ 'ਚ ਦੇ ਕੇ: *"ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ"* ਦਾ ਜੈਕਾਰਾ ਛੱਡ ਕੇ, ***ਪੈ ਗਏ ਰਾਹ ਨਨਕਾਣੇ ਦੇ !***

ਜਥਾ ਟੁਰਦਾ-ਟੁਰਦਾ ਤੇ ਸ਼ਬਦ ਪੜ੍ਹਦਾ ਜਾ ਰਿਹਾ ਸੀ। ਇਹ ੧੯ ਫਰਵਰੀ, ੧੯੨੧, ਬਾਅਦ ਦੁਪਹਿਰ ਦੀ ਗੱਲ ਹੈ। ਜਥੇਦਾਰ ਲਛਮਣ ਸਿੰਘ

ਦਾ ਆਪਣਾ ਜਥਾ ਵੀ ਆਪਣੇ ਪਿੰਡ ਧਾਰੋਵਾਲੀ ਤੋਂ ਤੁਰ ਪਿਆ ਸੀ। ਕੇਹਰ ਸਿੰਘ ਤੇ ਉਸ ਦੇ ਲਾਡਲੇ ਬੇਟੇ ਦਰਬਾਰਾ ਸਿੰਘ ਦਾ ਜਥਾ ਮਿਥੇ ਹੋਏ ਪੰਧ ਅਨੁਸਾਰ ਨਿਜ਼ਾਮਪੁਰਾ ਦੇਵਾ ਸਿੰਘ ਵਾਲਾ ਚੱਕ ਪੁੱਜਾ ਜਿਥੇ ਲੰਗਰ-ਪਾਣੀ ਤਿਆਰ ਸੀ ਤੇ ਸੈਂਕੜੇ ਲੋਕ ਬੜੇ ਉਤਸ਼ਾਹ ਨਾਲ ਜਥੇ ਦੇ ਦਰਸ਼ਨ ਕਰਨ ਪੁੱਜੇ ਹੋਏ ਸਨ। ਜਥਾ ਲੰਗਰ-ਪਾਣੀ ਛਕ ਕੇ ਰਾਤ ਦੇ ਦਸ ਵਜੇ ਜੈਕਾਰੇ ਬੁਲਾਂਦਾ ਅੱਗੇ ਤੁਰਿਆ ਤੇ ਇਸ ਪਿੰਡ 'ਚੋਂ ਵੀ ਪੰਦਰਾਂ ਸਿੰਘ ਸ਼ਹੀਦੀ ਜਥੇ ਵਿਚ ਸ਼ਾਮਲ ਹੋ ਗਏ। ਜਥਾ ਤੁਰਦਾ-ਤੁਰਦਾ ਜਰਮਨੀ ਡੱਲਾ ਚੱਕ ਨੰਬਰ ੯੩ 'ਚੋਂ ਗੁਜ਼ਰਿਆ ਜਿਥੇ ੧੯ ਸਿੰਘ ਹੋਰ ਨਾਲ ਰਲ ਗਏ ਤੇ ਫਿਰ ਇਹ ਜਥਾ ਪਿੰਡ ਕੋਟਲਾ ਕਾਹਲਵਾਂ 'ਚ ਜਥੇਦਾਰ, ਲਛਮਣ ਸਿੰਘ ਦੇ ਜਥੇ ਨਾਲ ਜਾ ਮਿਲਿਆ। ਕੋਟਲਾ ਕਾਹਲਵਾਂ ਵਿਚ ਘੰਟਾ ਭਰ ਦੀਵਾਨ ਲੱਗਾ ਤੇ ਦਰਬਾਰਾ ਸਿੰਘ ਨੇ ਬੜੀ ਸੁਰੀਲੀ ਤੇ ਜੋਸ਼ ਭਰੀ ਆਵਾਜ਼ 'ਚ ਸ਼ਬਦ ਪੜ੍ਹਿਆ:

"ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ।।"

ਸਾਰੀ ਸੰਗਤ ਉਸ ਦੇ ਮਗਰ ਝੂਮ ਝੂਮ ਕੇ ਪੜ੍ਹਦੀ ਸੀ। ਸਾਰੇ ਹੈਰਾਨ ਸਨ। ਸਾਰੇ ਲੋਕ ਇਸ ਬੱਚੇ ਨੂੰ ਵੇਖ ਕੇ ਵਹਿਗੁਰੂ ਵਾਹਿਗੁਰੂ, ਧੰਨ ਵਾਹਿਗੁਰੂ ਬੋਲਦੇ ਸਨ। ਦਰਬਾਰਾ ਸਿੰਘ ਦਾ ਇਹ ਪੜ੍ਹਿਆ ਹੋਇਆ ਸ਼ਬਦ ਜਥੇ ਲਈ, ਕੁਝ ਘੰਟਿਆਂ ਬਾਅਦ ਹੀ ਸੱਚਾ ਸਾਬਤ ਹੋ ਗਿਆ। ਕਿਵੇਂ? ਪਿਆਰੇ ਪਾਠਕੋ, ਇਹ ਬਿਰਤਾਂਤ ਵੀ ਹੇਠਲੀਆਂ ਸਤਰਾਂ ਵਿਚ ਪੜ੍ਹ ਲਵੋ।

ਪਿੰਡੋ-ਪਿੰਡੀ ਵਧਦਾ ਇਹ ਜਥਾ ਦੋ ਸੌ ਸਿੰਘਾਂ ਦਾ ਹੋ ਚੁਕਾ ਸੀ ਜਿਸ ਵਿਚ ਪਹਿਲਾ ਨੰਬਰ ਦਰਬਾਰਾ ਸਿੰਘ ਦਾ ਜਾਪਦਾ ਸੀ। ਜਥਾ ਰਾਤ ਦੇ ਅਨ੍ਹੇਰੇ ਦੇ ਕਾਲੇ ਕੰਬਲ ਵਿਚ ਵਲ੍ਹੇਟਿਆ ਹੋਇਆ ਗੋਗੇਰਾ ਬਰਾਂਚ ਦੇ ਕੰਢੇ-ਕੰਢੇ ਤੁਰਦਾ ਗਿਆ ਪਰ ਕੋਈ ਵੀ ਖ਼ਬਰ-ਸੁਰਤ ਵਾਲਾ ਆਦਮੀ ਕਰਤਾਰ ਸਿੰਘ ਝੱਬਰ ਦੇ ੨੨੦੦ ਗਿਣਤੀ ਦੇ ਸਿੰਘਾਂ ਦੇ ਵੱਡੇ ਜਥੇ ਦਾ ਠੀਕ ਥਹੁ-ਪਤਾ ਜਾਂ ਟਿਕਾਣਾ ਲੱਭ ਨਾ ਸਕਿਆ ਹਾਲਾਂਕਿ ਜਥੇਦਾਰ ਲਛਮਣ ਸਿੰਘ ਵਾਲਾ ਜਥਾ ਚੰਦਰਕੋਟ ਦੀ ਝਾਲ ਝੱਬਰ ਦੇ ਜੱਥੇ ਦੀ ਉਡੀਕ ਵੀ ਕਰਦਾ ਰਿਹਾ ਸੀ। ਕੁਝ ਸਿੰਘਾਂ ਨੇ ਸਲਾਹ ਦਿੱਤੀ ਕਿ ਝੱਬਰ ਦੇ ਜ਼ਿਆਦਾ ਗਿਣਤੀ ਦੇ ਜਥੇ ਨੂੰ ਨਾਲ ਲੈਣ ਤੋਂ ਬਿਨਾਂ ਨਨਕਾਣਾ ਸਾਹਿਬ ਨਹੀਂ ਜਾਣਾ ਚਾਹੀਦਾ ਪਰ ਸਿੰਘਾਂ ਦੀ ਬਹੁ ਗਿਣਤੀ ਨੇ ਕਿਹਾ ਕਿ ਅਸੀਂ ਰਾਹ 'ਚ ਅਟਕਣ ਜਾਂ ਘਰਾਂ ਨੂੰ ਵਾਪਸ ਜਾਣ ਲਈ ਨਹੀਂ ਆਏ, ਅਸਾਂ ਤਾਂ ਸਿੱਧੇ ਨਨਕਾਣਾ ਸਾਹਿਬ ਜਾਣ ਦੀ ਅਰਦਾਸ

ਕੀਤੀ ਹੋਈ ਹੈ। ਜਥੇ ਨੇ ਫਿਰ ਅੱਗੇ ਵੱਲ ਕੂਚ ਕਰ ਦਿੱਤਾ। ਘਣੇ ਜੰਗਲ ਦਾ ਰਾਹ ਬੜਾ ਬਿਖੜਾ ਸੀ ਜਿਸ ਵਿਚ ਰਾਤ ਦਾ ਘੁਪ ਘੋਰ ਹਨੇਰਾ ਹੋਰ ਵੀ ਮੁਸ਼ਕਲ ਪੈਦਾ ਕਰਦਾ ਸੀ।

ਕੁਝ ਪੈਂਡਾ ਕੱਟਣ ਦੇ ਬਾਅਦ ਰਾਹ ਵਿਚ ਇਕ ਖੁਲ੍ਹੀ ਜਿਹੀ ਥਾਂ ਆ ਗਈ ਤੇ ਜਥਾ ਏਥੇ ਜ਼ਰਾ ਵਸਾਹੁਣੀ ਕੱਢਣ ਲਈ ਬਹਿ ਗਿਆ। ਇਥੇ ਬਹਿ ਕੇ ਬਹੁਤ ਸਾਰੇ ਸਿੰਘਾਂ ਨੇ ਫਿਰ ਸੋਚ-ਵਿਚਾਰ ਕਰਨ ਲਈ ਆਖਿਆ ਕਿ ਝੱਬਰ ਦੇ ਜਥੇ ਤੋਂ ਬਿਨਾਂ ਸਾਨੂੰ ਅੱਗੇ ਜਾਣਾ ਚਾਹੀਦਾ ਹੈ ਜਾਂ ਨਹੀਂ ? ਸ਼ਾਇਦ ਧਰਤੀ ਦੇ ਕਈ ਟੁਕੜੇ ਹੀ ਸਰਵਨ ਕੁਮਾਰ ਦੀ ਅਤੇ ਮਾਪਿਆਂ ਦੀ ਵਹਿੰਗੀ ਜੰਗਲ ਵਿਚ ਹੀ ਛੱਡ ਕੇ ਟੁਰ ਜਾਣ ਵਾਂਗੂੰ ਢਾਹੂ ਪਰਭਾਵ ਵਾਲੇ ਹੁੰਦੇ ਹਨ। ਉਸ ਥਾਂ 'ਤੇ ਬੈਠੇ ਜਥੇ 'ਚੋਂ ਜ਼ਿਆਦਾ ਸਿੰਘ ਅੱਗੇ ਨਨਕਾਣਾ ਸਾਹਿਬ ਵੱਲ ਚਾਲੇ ਪਾਣ ਵੱਲੋਂ ਢਿੱਲੇ ਜਾਪਦੇ ਸਨ ਤੇ ਜਥੇਦਾਰ ਝੱਬਰ ਦੇ ਜਥੇ ਦੇ ਸਾਥ ਤੋਂ ਬਿਨਾਂ ਇਕ ਕਦਮ ਵੀ ਅੱਗੇ ਨਹੀਂ ਸਨ ਪੁੱਟਣਾ ਚਾਹੁੰਦੇ। ਇਕ ਦਮ ਦਰਬਾਰਾ ਸਿੰਘ ਉਠਿਆ ਤੇ ਸ਼ੇਰ ਵਾਂਗੂੰ ਗੱਜ ਕੇ ਬੋਲਿਆ, "ਖ਼ਾਲਸਾ ਜੀ, ਅਸੀਂ ਘਰਾਂ 'ਚੋਂ ਅੱਗੇ ਨਨਕਾਣਾ ਸਾਹਿਬ ਜਾਣ ਲਈ ਆਏ ਹਾਂ, ਪਿੱਛੇ ਪਰਤਨ ਲਈ ਨਹੀਂ! ਸਾਡਾ ਸਾਥੀ ਗੁਰੂ ਆਪ ਹੈ। **'ਗੁਰੁ ਮੇਰੇ ਸੰਗਿ ਸਦਾ ਹੈ ਨਾਲੇ' ਸਾਡੀ ਅਰਦਾਸ ਹੈ, ਸਾਡੇ ਨਾਲ ਸਾਡਾ ਅਟੱਲ ਇਰਾਦਾ ਹੈ।**" ਇਹ ਸੁਣ ਕੇ ਜਥੇ ਵਿਚ ਸਨਾਟਾ ਛਾ ਗਿਆ। ਬੁੱਢੇ, ਅਧਖੜ ਤੇ ਜਵਾਨ ਸਾਰੇ ਚਕ੍ਰਿਤ ਹੋ ਗਏ। ਨਿੱਕੇ ਜਿਹੇ ਬੱਚੇ ਦੇ ਮੂੰਹ 'ਚੋਂ ਇਸ ਤਰ੍ਹਾਂ ਆਵਾਜ਼ ਨਿਕਲੀ ਜਿਵੇਂ ਚਮਕੌਰ ਦੀ ਜੰਗ ਵਿਚ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਦੇ ਮੂੰਹੋਂ ਲਲਕਾਰ ਨਿਕਲਦੀ ਸੀ। ਹਵਾਲਦਾਰ ਕੇਹਰ ਸਿੰਘ ਆਪਣੇ ਨੌਂ ਸਾਲ ਦੇ ਪੁੱਤਰ ਨੂੰ ਵੇਖ-ਸੁਣ ਕੇ ਹੈਰਾਨ ਵੀ ਹੋ ਰਿਹਾ ਸੀ ਤੇ ਖ਼ੁਸ਼ ਤੇ ਨਿਹਾਲ ਵੀ। ਦਰਬਾਰਾ ਸਿੰਘ ਉਤਸ਼ਾਹ, ਸ਼ਰਧਾ ਤੇ ਜੋਸ਼ ਦਾ ਭਾਂਬੜ ਜਾਪਦਾ ਸੀ। ਬੱਸ ਫਿਰ ਕੀ ਸੀ! ਸਾਰਾ ਜਥਾ ਸੱਜੋ-ਸਾਹ ਹੋ ਕੇ ਉਠਿਆ ਤੇ ਨਨਕਾਣਾ ਸਾਹਿਬ ਨੂੰ ਟੁਰ ਪਿਆ। ਇਸ ਸਾਰੇ ਆਹਰ ਦਾ ਆਹਰੀ ਦਰਬਾਰਾ ਸਿੰਘ ਸੀ। ਜਥੇ ਦੇ ਸਿੰਘਾਂ ਕੋਲ ਡਾਂਗਾਂ, ਨੇਜ਼ੇ, ਬਰਛੇ, ਕਿਰਪਾਨਾਂ ਤੇ ਟਕਵੇ ਸਨ ਪਰ ਉਹਨਾਂ ਕਿਸੇ ਵੀ ਉਕਸਾਹਟ ਤੇ ਤਸੀਹੇ ਸਾਹਮਣੇ ਸ਼ਾਂਤਮਈ ਰਹਿਣ ਦੀ ਅਰਦਾਸ ਕੀਤੀ ਹੋਈ ਸੀ।

ਸਿੰਘਾਂ ਨੂੰ ਮਹੰਤ ਨਾਰਾਇਣ ਦਾਸ ਦੀ ਵਿਚਲੀ ਸਾਜ਼ਸ਼ ਦਾ ਕੋਈ ਪਤਾ ਨਹੀਂ ਸੀ। ਉਹ ਕਿੰਨੇ ਸਮੇਂ ਪਹਿਲੋਂ ਹੀ ਬਦਮਾਸ਼, ਬੰਦੂਕਾਂ, ਕਾਰਤੂਸ, ਲੱਕੜਾਂ ਤੇ ਮਿੱਟੀ ਦੇ ਤੇਲ ਦੇ ਪੀਪੇ ਇਕੱਠੇ ਕਰ ਰਿਹਾ ਸੀ। ਅੰਗ੍ਰੇਜ਼ੀ ਸਰਕਾਰ ਦੀ ਉਸ ਨੂੰ

ਪੂਰੀ ਇਮਦਾਦ ਹਾਸਲ ਸੀ ਕਿਉਂਕਿ ਭਾਰਤ ਦੀ ਆਜ਼ਾਦੀ ਦੇ ਘੋਲ ਵਿਚ ਸਿੱਖ ਭਾਰਤ ਦੇ ਹੋਰ ਸਾਰੇ ਲੋਕਾਂ ਤੋਂ ਅੱਗੇ ਸਨ। ਜਥਾ ਨਨਕਾਣਾ ਸਾਹਿਬ ਜਾ ਪੁੱਜਾ। ਇਤਿਹਾਸ ਘੋਖਿਆਂ ਸਾਫ਼ ਜ਼ਾਹਿਰ ਹੈ ਕਿ ਮਹੰਤ ਨੂੰ ਸਭ ਪਤਾ ਸੀ ਤੇ ਉਸ ਨੇ ਸਿੰਘਾਂ ਨੂੰ ਵੀ ਪਿੰਜਰੇ ਵਿਚ ਫਸਾਣ ਦੀ ਸਾਰੀ ਸਾਜ਼ਸ਼ ਤਿਆਰ ਕਰ ਕੇ ਰੱਖੀ ਹੋਈ ਸੀ। ਗੁਰਦੁਆਰਾ ਜਨਮ-ਅਸਥਾਨ ਦੀ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਰੋਜ਼-ਮਰਾ ਵਾਂਗੂੰ ਅੰਮ੍ਰਿਤ ਵੇਲੇ ਖੁਲ੍ਹਾ ਸੀ। ਜਥਾ ਸਵੇਰੇ ੫.੪੫ ਮਿੰਟ 'ਤੇ ਗੁਰਦੁਆਰਾ ਜਨਮ-ਅਸਥਾਨ ਵਿਚ ਦਾਖਲ ਹੋ ਗਿਆ। ਉਹਨਾਂ ਦੀ ਮਨਸ਼ਾ ਸੀ ਕਿ ਕਿਸੇ ਕਿਸਮ ਦਾ ਵੀ ਹੱਲਾ ਗੁਲਾ ਨਹੀਂ ਕਰਨਾ ਤੇ ਬਿਲਕੁੱਲ ਸ਼ਾਂਤਮਈ ਰਹਿ ਕੇ ਅੰਦਰੋਂ ਦਰਸ਼ਨ ਡਿਉਢੀ ਦਾ ਬੂਹਾ ਬੰਦ ਕਰ ਕੇ ਬਹਿ ਜਾਣਾ ਹੈ। ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਵੇਗਾ ਤੇ ਸਾਰੇ ਸਿੰਘ ਖ਼ਾਮੋਸ਼ੀ ਨਾਲ ਇਕਾਗਰ ਹੋ ਕੇ ਸੁਣਨਗੇ। ਕੁਝ ਸਮੇਂ ਬਾਅਦ ਜਥੇਦਾਰ ਕਰਤਾਰ ਸਿੰਘ ਝੱਬਰ ਦਾ ਜਥਾ ਵੀ ਆ ਜਾਵੇਗਾ ਤੇ ਸਾਰੇ ਸਿੰਘ ਅੰਦਰ ਬੈਠ ਕੇ ਸਤਿਆਗ੍ਰਹਿ ਵਾਂਗੂੰ ਡਟ ਜਾਣਗੇ ਤੇ ਇਸ ਤਰ੍ਹਾਂ ਗੁਰਦੁਆਰੇ 'ਤੇ ਕਬਜ਼ਾ ਕਰ ਕੇ ਇਸ ਨੂੰ ਮਹੰਤ ਤੋਂ ਆਜ਼ਾਦ ਕੀਤਾ ਜਾਵੇਂਗਾ। ਸ਼ਹੀਦ ਲਛਮਣ ਸਿੰਘ ਦੇ ਜਥੇ ਨੇ ਇਸ ਤਰ੍ਹਾਂ ਹੀ ਕੀਤਾ ਪਰ ਝੱਬਰ ਦਾ ਜਥਾ ਅਜੇ ਕਿਤੇ ਰਾਹ ਵਿਚ ਹੀ ਸੀ ਤੇ ਛੇਤੀ ਪੁੱਜ ਨਾ ਸਕਿਆ।

ਸ਼ਹੀਦ ਲਛਮਣ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬੈਠ ਕੇ ਆਸਾ ਜੀ ਦੀ ਵਾਰ ਦਾ ਪਾਠ ਕਰਨ ਲੱਗ ਪਿਆ। ਸਿੰਘ ਪਾਠ ਸੁਣਨ ਲੱਗ ਪਏ ਪਰ ਮਹੰਤ ਨੇ ਗੁਰਦੁਆਰੇ ਦੇ ਆਲੇ-ਦੁਆਲੇ ਦੇ ਮਕਾਨਾਂ 'ਤੇ ਬੰਦੂਕਾਂ ਦੇ ਕੇ ਕਾਤਲ ਬਿਠਾਏ ਹੋਏ ਸਨ ਜੋ ਘਾਤ ਲਾ ਕੇ ਬੈਠੇ ਹੋਏ ਸਨ। ਸਿੰਘਾਂ ਦੇ ਬੈਠਦਿਆਂ ਸਾਰ ਹੀ ਚਾਰ-ਚੁਫੇਰਿਉਂ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਸ਼ਾਂਤਮਈ ਸਿੰਘ ਮਾਰੇ ਜਾਣ ਲੱਗੇ। ਮਹੰਤ ਨੇ ਪੱਕਾ ਇਰਾਦਾ ਕੀਤਾ ਹੋਇਆ ਸੀ ਕਿ ਇਕ ਵੀ ਸਿੱਖ ਜ਼ਿੰਦਾ ਨਹੀਂ ਛੱਡਿਆ ਜਾਏਗਾ। ਜ਼ਖ਼ਮੀ ਤੇ ਤੜਫਦੇ ਸਿੰਘ ਹਾਲ-ਦੋਹਾਈ ਜਾਂ ਚੀਕ-ਚਿਹਾੜਾ ਨਹੀਂ ਸਨ ਪਾ ਰਹੇ ਸਗੋਂ ਉੱਚੀ ਉੱਚੀ "ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ" ਹੀ ਉਚਾਰਦੇ ਸਨ। ਹਵਾਲਦਾਰ ਕੇਹਰ ਸਿੰਘ ਤੇ ਕੁਝ ਹੋਰ ਸਿੰਘ ਉਸ ਚੌਖੰਡੀ ਜਾਂ ਕਮਰੇ 'ਚ ਜਿਥੇ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਸੀ—ਜਿਥੇ ਪਾਠ ਹੋ ਰਿਹਾ ਸੀ, ਜਾ ਬੈਠੇ ਤੇ ਅੰਦਰੋਂ ਚੜ੍ਹਦੇ ਤੇ ਲਹਿੰਦੇ ਦੋਹਾਂ ਪਾਸਿਆਂ ਦੇ ਬੂਹੇ ਬੰਦ ਕਰ ਲਏ ਚੌਖੰਡੀ ਦੇ ਚਾਰ-ਚੁਫੇਰੇ ਜ਼ਖ਼ਮੀ ਸਿੰਘ ਤੜਫ ਰਹੇ ਸਨ। ਕਾਤਲ ਗੁਰਦੁਆਰੇ ਦੇ ਅੰਦਰ ਆ ਗਏ ਤੇ ਚੌਖੰਡੀ ਦੇ ਅੰਦਰਲੇ

ਸਿੱਖਾਂ ਨੂੰ ਕਤਲ ਕਰਨ ਲਈ ਹੱਲਾ ਕੀਤਾ ਪਰ ਦਰਵਾਜ਼ੇ ਅੰਦਰੋਂ ਬੰਦ ਸਨ। ਆਖ਼ਰਕਾਰ ਉਹਨਾਂ ਨੇ ਦਰਵਾਜ਼ੇ ਵਿਚ ਮੋਰੀ ਕਰ ਲਈ ਤੇ ਅੰਦਰ ਬੈਠੇ ਸਿੰਘਾਂ ਨੂੰ ਗੋਲੀਆਂ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਹਵਾਲਦਾਰ ਕੇਹਰ ਸਿੰਘ ਨੂੰ ਗੋਲੀ ਨਾਲ ਭੁੰਨ ਦਿੱਤਾ ਗਿਆ। ਸ਼ਹੀਦ ਲਛਮਣ ਸਿੰਘ ਨੂੰ ਵੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬੈਠਿਆਂ ਹੋਇਆਂ ਗੋਲੀ ਵੱਜੀ ਤੇ ਉਹ ਡਿੱਗ ਪਿਆ। ਗੋਲੀਆਂ ਗੁਰੂ ਗ੍ਰੰਥ ਸਾਹਿਬ ਨੂੰ ਵੀ ਵੱਜੀਆਂ ਜੋ ੧੩੧੯-੧੪੩੦ ਦੇ ਪੰਨਿਆਂ ਦੇ ਪੱਤਰਿਆਂ ਨੂੰ ਪਾੜ ਕੇ ਦੂਸਰ ਲੰਘ ਗਈਆਂ। ੧੧੩੨-੧੨੨੯ ਤੱਕ ਦੇ ਸਫ਼ੇ ਸ਼ਹੀਦ ਲਛਮਣ ਸਿੰਘ ਦੇ ਲਹੂ ਨਾਲ ਲਿੱਬੜ ਗਏ। ਇਕ ਗੋਲੀ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਤੇ ਗੱਤੇ ਨੂੰ ਪਾੜ ਕੇ ਦੂਸਰ ਲੰਘ ਗਈ।

ਇਸ ਹਫੜਾ-ਦਫੜੀ ਵਿਚ ਜਦੋਂ ਅਜੇ ਕੁਝ ਸਿੰਘ ਚੌਖੰਡੀ ਵਿਚ ਜ਼ਿੰਦਾ ਹੀ ਸਨ ਤੇ ਦਰਬਾਰਾ ਸਿੰਘ ਨੂੰ ਫੜ ਕੇ ਇਕ ਅਲਮਾਰੀ ਵਿਚ ਬੰਦ ਕਰਨ ਦਾ ਇਰਾਦਾ ਕਰ ਕੇ ਉਸ ਨੂੰ ਫੜ ਲਿਆ ਤਾਂ ਕਿ ਉਸ ਨੌਂ ਸਾਲ ਦੇ ਮਾਸੂਮ ਬੱਚੇ ਦੀ ਜਾਨ ਸ਼ਾਇਦ ਬਚ ਹੀ ਜਾਵੇ। ਦਰਬਾਰਾ ਸਿੰਘ ਦੀਆਂ ਅੱਖਾਂ ਸਾਹਮਣੇ ਉਸ ਦੇ ਬਾਪੂ ਕੇਹਰ ਸਿੰਘ ਨੂੰ ਗੋਲੀ ਸ਼ਹੀਦ ਕਰ ਚੁੱਕੀ ਸੀ। ਦਰਬਾਰਾ ਸਿੰਘ ਕਹੀ ਜਾ ਰਿਹਾ ਸੀ: ***"ਮੈਂ, ਆਪਣੇ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ, ਮੈਂ ਆਪਣੇ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ,*** " ਪਰ ਸਿੰਘਾਂ ਨੇ ਫੜ ਫੜਾ ਤੇ ਸਾਰਾ ਜ਼ੋਰ ਲਾ ਕੇ ਦਰਬਾਰਾ ਸਿੰਘ ਨੂੰ ਅਲਮਾਰੀ ਵਿਚ ਬੰਦ ਕਰ ਕੇ ਬਾਹਰੋਂ ਕੁੰਡੀ ਲਾ ਦਿੱਤੀ। ਉਹ ਅਲਮਾਰੀ ਦੇ ਅੰਦਰੋਂ ਧੱਕੇ ਮਾਰਦਾ ਆਖੀ ਜਾਂਦਾ ਸੀ: "ਮੈਂ ਆਪਣੇ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ।" ਅੰਤ ਚੌਖੰਡੀ ਦੇ ਬੂਹੇ ਤੋੜ ਕੇ ਖੋਲ੍ਹੇ ਗਏ। ਸਹਿਕ ਰਹੇ ਸ਼ਹੀਦ ਲਛਮਣ ਸਿੰਘ ਨੂੰ ਚੌਖੰਡੀ ਦੇ ਬਾਹਰਲੇ ਲਹਿੰਦੇ—ਪਹਾੜ ਦੇ ਕੋਨੇ ਦੇ ਨੇੜੇ ਜੰਡ ਦੇ ਰੁੱਖ ਨਾਲ ਬੰਨ੍ਹ ਕੇ ਤੇਲ ਪਾ ਕੇ ਜਿਉਂਦੇ ਨੂੰ ਸਾੜ ਦਿੱਤਾ। ਹੋਰ ਸਾਰੇ ਮਾਰੇ ਗਏ। ਜ਼ਖ਼ਮੀ ਤੇ ਤੜਫਦੇ ਤੇ ਅਧ-ਮੋਏ ਸਿੰਘਾਂ ਨੂੰ ਧਰੀਕ-ਧਰੀਕ ਕੇ ਢੇਰ ਲਾਏ ਗਏ। ਲੱਕੜਾਂ ਦੇ ਪੰਜ ਢੇਰ ਬਣਾਏ ਗਏ। ਸਿੰਘਾਂ ਦੇ ਸਰੀਰਾਂ ਦੇ ਟੁਕ-ਟਕ ਕੇ ਟੋਟੇ ਕੀਤੇ ਗਏ ਤਾਂ ਕਿ ਕਿਸੇ ਦੀ ਪਛਾਣ ਦਾ ਕੋਈ ਸੁਰਾਗ ਤੇ ਨਿਸ਼ਾਨ ਬਾਕੀ ਨਾ ਰਹਿ ਜਾਵੇ। ਲੱਕੜਾਂ 'ਤੇ ਮਿੱਟੀ ਦਾ ਤੇਲ ਪਾ ਕੇ ਤੇ ਉੱਤੇ ਸਿੰਘਾਂ ਦੇ ਟੋਟੇ-ਟੋਟੇ ਕੀਤੇ ਹੋਏ ਸਰੀਰਾਂ ਨੂੰ ਸੁੱਟ ਕੇ ਅੱਗ ਲਾ ਦਿੱਤੀ ਗਈ।

ਚੌਖੰਡੀ ਦਾ ਬੂਹਾ ਖੋਲ੍ਹਣ ਸਮੇਂ ਫਰਸ਼ 'ਤੇ ਸਿੰਘਾਂ ਦੇ ਲਹੂ ਦਾ ਛੱਪੜ ਬਣਿਆ ਹੋਇਆ ਸੀ। ਅਲਮਾਰੀ ਵਿਚੋਂ ਧੱਕੇ ਵੱਜ ਰਹੇ ਸਨ। ਜ਼ਾਲਮਾਂ ਨੇ ਅਲਮਾਰੀ ਖੋਲ੍ਹੀ ਤਾਂ ਵਿਚੋਂ ਅੱਗ ਦੇ ਭਬੂਕੇ ਵਾਂਗੂੰ ਜੋਸ਼ ਵਿਚ ਆਇਆ ਹੋਇਆ

ਤੇ ਗੱਜ-ਗੱਜ ਕੇ ਆਖਦਾ: ***"ਮੈਂ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ।"*** ਦਰਬਾਰਾ ਸਿੰਘ ਚੁੰਘੀ ਮਾਰ ਕੇ ਬਾਹਰ ਨਿਕਲਿਆ। ਜ਼ਾਲਮਾਂ ਨੇ ਇਸ ਨੌਂ ਸਾਲ ਦੇ ਬੱਚੇ ਨੂੰ ਫੜ ਲਿਆ। ਚੌਖੰਡੀ ਦੇ ਬਾਹਰ ਪਹਾੜ ਪਾਸੇ ਨਾਲ ਲਗਦੇ ਬਲ ਰਹੇ ਤੇ ਸਿੰਘਾਂ ਦੀਆਂ ਲਾਸ਼ਾਂ ਨੂੰ ਬਾਲ ਰਹੇ ਉਸ ਢੇਰ 'ਤੇ, ਹਵਾਲਦਾਰ ਕੇਹਰ ਸਿੰਘ ਦੇ ਸੜ ਰਹੇ ਸਰੀਰ 'ਤੇ ਸੁੱਟ ਦਿੱਤਾ ਜਦੋਂ ਦਰਬਾਰਾ ਸਿੰਘ ਇਕੋ ਸਾਹ ਆਖੀ ਜਾ ਰਿਹਾ ਸੀ: ***"ਮੈਂ ਆਪਣੇ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ।"*** ਅੱਗ ਦੇ ਭਾਂਬੜ ਨੇ ਦਰਬਾਰਾ ਸਿੰਘ ਦੇ ਭਰੋਸੇ ਦੇ ਭਾਂਬੜ ਨੂੰ ਆਪਣੀ ਲਪੇਟ ਵਿਚ ਲੈ ਲਿਆ ਪਰ ਅੰਤ ਤੱਕ ਬਾਲ ਸ਼ਹੀਦ ਦਰਬਾਰਾ ਸਿੰਘ ਦੇ ਬੁੱਲ੍ਹ ਫਰਕ-ਫਰਕ ਕੇ ਕਹਿੰਦੇ ਰਹੇ : ***"ਮੈਂ ਆਪਣੇ ਬਾਪੂ ਨਾਲ ਹੀ ਸ਼ਹੀਦ ਹੋਵਾਂਗਾ।"*** ਇਸ ਤਰ੍ਹਾਂ ਬਾਲ— ਦਰਬਾਰਾ ਸਿੰਘ ਸਾਹਿਬਜ਼ਾਦਿਆਂ ਦੀ ਮਹਾਨ ਸ਼ਹੀਦੀ ਦੇ ਪੂਰਨਿਆਂ 'ਤੇ ਚਲਦਾ ਹੋਇਆ ਜਾਮ-ਏ-ਸ਼ਹਾਦਤ ਪੀ ਗਿਆ।